ੴ ਵਾਹਿਗੁਰੂ ਜੀ ਕੀ ਫ਼ਤਹ

ਮਾਸਿਕ ਪੱਤਰ

# ਸੂਰਾ

ਲੁਧਿਆਣਾ

ਫਰਵਰੀ 2001

SURA Monthly
LUDHIANA
FEBRUARY 2001

## ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰ ਧਰਿ ਤਲੀ ਗਲੀ ਮੇਰੀ ਆਉ ॥



ਗੁਰਬਾਣੀ ਦੇ ਉਪ੍ਰੋਕਤ ਫ਼ਰਮਾਨਾਂ ਨੂੰ ਪ੍ਰਤੱਖ ਰੂਪ ਵਿਚ ਸਾਕਾਰ ਕਰਨ ਵਾਲੇ ਮਹਾਨ ਸ਼ਹੀਦ ਬਾਬਾ ਦੀਪ ਸਿੰਘ ਜੀ,ਸ੍ਰੀ ਅੰਮ੍ਰਿਤਸਰ ਸਾਹਿਬ ਦੀ ਬੇਅਦਬੀ ਦਾ ਬਦਲਾ ਲੈਣ ਲਈ ਅੰਮ੍ਰਿਤਸਰ ਵੱਲ ਕੂਚ ਕਰਨ ਵਾਸਤੇ ਖੰਡੇ ਨਾਲ ਲਕੀਰ ਖਿੱਚ ਕੇ ਸਿੰਘਾਂ ਨੂੰ ਵੰਗਾਰਦੇ ਹੋਏ। ਆਪ ਜੀ ਦੇ ਸ਼ਹੀਦੀ ਦਿਵਸ਼ ਸੰਬੰਧੀ ਲੁਧਿਆਣਾ ਵਿਖੇ 24 ਫਰਵਰੀ ਅਤੇ 3 ਮਾਰਚ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਵੇਰਵਾ ਅੰਦਰ ਦੇਖੋ ਜੀ

www.AKJ.Org

ਸੂਰਾ ਵਾਸਤੇ ਚੰਦੇ ਤੇ ਹੋਰ ਰਕਮਾਂ ਹੇਠ ਲਿਖੀਆਂ ਥਾਵਾਂ ਤੇ ਜਮ੍ਹਾਂ ਕਰਵਾ ਕੇ ਰਸੀਦ ਲਓ ਜੀ।

1. ਲੁਧਿਆਣਾ: (ੳ) ਮੁੱਖ ਦਫ਼ਤਰ' ਸੂਰਾ, ਕੋਠੀ ਨੰ: 12, ਬਲਾਕ ਆਈ, ਭਾਈ ਰਣਧੀਰ ਸਿੰਘ ਨਗਰ।
(ਅ) ਸਬ-ਆਫਿਸ ਸੂਰਾ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ। ਫੋਨ 428194
(ੲ) ਭਾਈ ਭੁਪਿੰਦਰ ਪਾਲ ਸਿੰਘ ਜੀ, ਪ੍ਰੀਤ ਸਿਲੈਕਸ਼ਨ, ਸਾਹਪੁਰ ਰੋਡ, ਨੇੜੇ ਸੁਭਾਨੀ ਬਿਲਡਿੰਗ, ਲੁਧਿਆਣਾ, ਫੋਨ 730604
(ਸ) ਸ: ਇਕਬਾਲ ਸਿੰਘ ਜੀ ਖਾਲਸਾ ਸਾਲਜ਼ ਮੋਚਪੁਰਾ ਬਜ਼ਾਰ, ਲੁਧਿਆਣਾ।
(ਹ) ਸ: ਅਜੀਤ ਸਿੰਘ 17/5 ਪਾਵਰ ਕਲੋਨੀ ਸਰਾਭਾ ਨਗਰ ਟੈਲੀਫੋਨ 458644, 459701

2. ਫਗਵਾੜਾ: ਮਾਸਟਰ ਗੁਰਦਿਆਲ ਸਿੰਘ ਜੀ, ਵਿਸ਼ਵਕਰਮਾ ਕਲੋਨੀ, ਨੇੜੇ ਵਿਸ਼ਵਕਰਮਾ ਮੰਦਰ, ਬੰਗਾ ਰੋਡ, ਫਗਵਾੜਾ। ਟੈਲੀਫੋਨ 68307

3. ਚੰਡੀਗੜ੍ਹ, ਮੋਹਾਲੀ: .ਖਰੜ, ਮੋਰਿੰਡਾ: ਭਾਈ ਗੁਰਚਰਨ ਸਿੰਘ ਜੀ, ਮਕਾਨ ਨੰ 236, ਵਾਰਡ ਨੰ 1, ਚੰਡੀਗੜ੍ਹ ਰੋਡ, ਮੁੰਡੀ ਖਰੜ। ਟੈਲੀ: 01888- 46036

4. ਕਪੂਰਥਲਾ: ਭਾਈ ਚਰਨਪਾਲ ਸਿੰਘ, ਸਿੰਘ ਆਰਟਸ, ਨੇੜੇ ਸਟੇਟ ਗੁਰਦੁਆਰਾ ਸਾਹਿਬ।

5ਪਟਿਆਲਾ: 1. ਸੰਦੀਪ ਪਾਲ ਸਿੰਘ S/o ਸ੍ਰ ਰਵੇਲ ਸਿੰਘ 654/3 ਖਾਲਸਾ ਮੁਹੱਲਾ ਧਰਮਪੁਰਾ ਬਜ਼ਾਰ ਪਟਿਆਲਾ ਟੈਲੀ. 228703
2 ਸੁਲੱਖਣ ਸਿੰਘ ਖਾਲਸਾ ਨਿਸ਼ਾਨ ਸਟੋਰ ਦੁਕਾਨ ਨੰ 14/15 ਗੁ ਦੂਖ ਨਿਵਾਰਨ ਬਜ਼ਾਰ ਪਟਿਆਲਾ ਟੈਲੀ. 361415

੬. ਅੰਮ੍ਰਿਤਸਰ: 1. ਭਾਈ ਸਤਨਾਮ ਸਿੰਘ ਜੀ, ਪਿੰਡ ਚਾਹੋਵਾਲੀ, ਡਾਕਖਾਨਾ ਜੈਤੀਪੁਰਾ।
2. ਭਾਈ ਭੁਪਿੰਦਰ ਸਿੰਘ ਜੀ ਖਾਲਸਾ, 4969ਅਜ਼ਾਦ ਨਗਰ, ਨੇੜੇ ਟਿਊਬਵੈਲ, ਤਾਰਾ ਸਿੰਘ ਕੋਟ ਖਾਲਸਾ, ਅੰਮ੍ਰਿਤਸਰ।

7 ਜਲੰਧਰ: ਸ: ਹਰਜੀਤ ਸਿੰਘ ਬੈਂਕ ਆਫ਼ ਇੰਡੀਆ ਸਤਲੁਜ ਮਾਰਕੀਟ ਨੇੜੇ ਬਸ ਸਟੈਂਡ ਜਲੰਧਰ ਸ਼ਹਿਰ ਫੋਨ :462065

8. ਯਮੁਨਾਨਗਰ: ਭਾਈ ਇਕਬਾਲ ਸਿੰਘ ਜੀ, 536-ਲੋਹਾਰਾ ਗਲੀ, ਜਗਾਧਰੀ। ਫੋਨ: 47341

੭. ਫਿਰੋਜ਼ਪੁਰ: ਭਾਈ ਬਲਵਿੰਦਰ ਸਿੰਘ, ਹਾਤਾ ਨੰ: 48, ਬਜ਼ਾਰ ਨੰ: 1, ਫਿਰੋਜ਼ਪੁਰ ਛਾਉਣੀ।

10. ਪਠਾਨਕੋਟ: ਸ: ਹਰਭਜਨ ਸਿੰਘ M.E.S. ਪਠਾਨਕੋਟ।

11 ਅੰਬਾਲਾ: 1. ਭਾਈ ਮਨੋਹਰ ਸਿੰਘ ਜੀ ਪਿੰਡ ਤੇ ਡਾਕਖਾਨਾ ਨਸਰਾਲੀ ਵਾਇਆ ਜਤਵਾੜ ਅੰਬਾਲਾ ਸ਼ਹਿਰ।
2 ਭਾਈ ਭਗਵਾਨ ਸਿੰਘ ਵੈਦ 10 ਵੀਟਾ ਐਨਕਲੇਵ ਨੇੜੇ ਮਿਲਕ ਪਲਾਂਟ ਬਲਦੇਵ ਨਗਰ ਅੰਬਾਲਾ ਸ਼ਹਿਰ
3. ਸ: ਮਲਕੀਅਤ ਸਿੰਘ ਮਾਰਫਤ ਸਰਦਾਰ ਕਲਾਥ ਹਾਊਸ ਪਿੰਡ ਨਨਹੇੜਾ ਡਾ: ਕੁਲਦੀਪ ਨਗਰ ਅੰਬਾਲਾ

12. ਬਠਿੰਡਾ: ਭਾਈ ਬਘੇਲ ਸਿੰਘ (ਗੋਬਿੰਦ ਸਿੰਘ) ਜੀ 7819, ਨੇੜੇ ਡੰਗਰਾਂ ਦਾ ਹਸਪਤਾਲ । ਫੋਨ : 217743

13. ਧੂਰੀ: ਮਾਸਟਰ ਹਰਭਜਨ ਸਿੰਘ ਜੀ, ਜਨਤਾ ਨਗਰ, ਨੇੜੇ ਵੀਨਸ ਗੈਸ ਏਜੰਸੀ, ਧੂਰੀ। ਫੋਨ: ੭1253

14. ਸਰਹੰਦ: ਸ: ਰੁਪਿੰਦਰ ਸਿੰਘ ਜੀ, ਨੇੜੇ ਭਾਰਤ ਪੈਟਰੋਲੀਅਮ ਗੈਸ ਗੋਦਾਮ, ਸਿਨੇਮਾ ਰੋਡ, ਸਰਹੰਦ, ਜ਼ਿਲਾ ਫਤਹਿਗੜ੍ਹ ਸਾਹਿਬ, ਟੈਲੀਫੋਨ 01763-20760

15. ਪਾਉਂਟਾ ਸਾਹਿਬ: ਭਾਈ ਪਰਮਜੀਤ ਸਿੰਘ ਜੀ, ਗੁਰੂ ਰਾਖਾ ਇੰਟਰਪ੍ਰਾਈਜ਼ਿਜ਼, ਪਾਉਂਟਾ ਸਾਹਿਬ ਹਿਮਾਚਲ ਪ੍ਰਦੇਸ Tel. Shop 01704-22367, Resi.24067

16. ਬਟਾਲਾ 1. ਭਾਈ ਸੁਖਰਾਜ ਸਿੰਘ ਜੀ ਸਾਹਮਣੇ ਗੁਰੂ ਨਾਨਕ ਦੇਵ ਅਕੈਡਮੀ ਜਲੰਧਰ ਰੋਡਟੈਲੀ :46566
2 ਸ: ਹਰਭਜਨ ਸਿੰਘ, ਖਾਲਸਾ ਲਾਇਬਰੇਰੀ ਬਟਾਲਾ।

17. ਦਿੱਲੀ 1. ਗੁਰਪ੍ਰੀਤ ਸਿੰਘ 670 ਡਾਕਟਰ ਮੁਖਰਜੀ ਨਗਰ ਦਿੱਲੀ ਟੈਲੀ: 7654833
2 ਸ: ਨਰਿੰਦਰ ਜੀ ਸਿੰਘ (ਗਾਮਾ) H. No.58-C IInd floor St. No. 11 New Mahavir Nagar P.O. Tilak Nagar-New Delhi 110018 PH. Resi - 5155191 Office- 590097-5449276

18. ਇੰਗਲੈਂਡ: ਭਾਈ ਹਰਦੀਪ ਸਿੰਘ ਜੀ, 218, Wexhan Road, Slough Berks SL2 5JP.Tel: 01753-530624

19ਅਮਰੀਕਾ: ਭਾਈ ਜੀਵਨ ਸਿੰਘ ਜੀ, ਗੁਰਦੀਪ ਸਿੰਘ ਜੀ ਫੋਨ : 18007226212

20 ਆਸਟ੍ਰੇਲੀਆ: ਭਾਈ ਪਰਸੋਤਮ ਸਿੰਘ ਜੀ, ਫੋਨ : 0061-69634841

21. ਨਿਊਜ਼ੀਲੈਂਡ: ਭਾਈ ਮਹਿੰਦਰ ਸਿੰਘ ਜੀ, ਫੋਨ : 092702755

22. ਕੈਨੇਡਾ : 1. ਭਾਈ ਅੰਮ੍ਰਿਤ ਪਾਲ ਸਿੰਘ 20 Newman court, Brampton, Ontario L6S5T1 ਟੈਲੀ :905-4538219
੨. ਭਾਈ ਰਿਪੁਦਮਨ ਸਿੰਘ ਮਲਿਕ, ਫੋਨ : 18006630224

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ॥


# ਸੂਰਾ

ਮਾਸਿਕ ਪੱਤਰ

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਿਕ ਪੱਤਰ

*** Read SURA at Internet : www.surainternational.com ***

ਜਿਲਦ ੩੫ ਫਰਵਰੀ ੨੦੦੧ ਅੰਕ ੨


## ਗੁਰਪੁਰਬ ਤੇ ਇਤਿਹਾਸਕ ਦਿਹਾੜੇ

| | |
|---|---|
| ਪਾ: ੭ ਅਵਤਾਰ ਧਾਰਿਆ | 6 ਫ਼ਰਵਰੀ |
| ਜਨਮ ਭਗਤ ਰਵਿਦਾਸ ਜੀ | 8 ਫ਼ਰਵਰੀ |
| ਮੇਲਾ ਗੁਰੂ ਕਾ ਕੋਠਾ (ਅੰਮ੍ਰਿਤਸਰ) | 8 ਫ਼ਰਵਰੀ |
| ਸ਼ਹੀਦੀ ਸਾਬਾ ਦੀਪ ਸਿੰਘ ਜੀ ਸ਼ਹੀਦ | ੭ ਫ਼ਰਵਰੀ |
| ਸ਼ਹੀਦੀ ਸਾਕਾ ਨਨਕਾਣਾ ਸਾਹਿਬ | 21 ਫ਼ਰਵਰੀ |

## ਚੰਦਿਆਂ ਦਾ ਵੇਰਵਾ

| | | |
|---|---|---|
| ਦੇਸ਼ ਸਾਲਾਨਾ | | 40 ਰੁ. |
| ਅਮਾਨਤੀ ਲਾਈਫ਼ ਮੈਂਬਰ | | 400ਰੁ. |
| ਵਿਦੇਸ਼ | ਸਮੁੰਦਰੀ ਡਾਕ | ਹਵਾਈ ਡਾਕ |
| ਸਾਲਾਨਾ | 140ਰੁ. | 400ਰੁ. |
| ਅਮਾਨਤੀ ਲਾਈਫ਼ ਮੈਂਬਰ | 1400ਰੁ. | 4000ਰੁ. |

## ਚੰਦਾ ਭੇਜਣ ਦਾ ਪਤਾ


ਸੂਰਾ ਮਾਸਿਕ ਪੱਤਰ ਗੁ: ਸਿੰਘ ਸਭਾ

ਮਾਡਲ ਟਾਊਨ, ਲੁਧਿਆਣਾ-141002

Tel : 0161-428194

Fax : 0161-536340, 532147



ਸੂਰਾ ਪੱਤਰ ਵਿਚ ਛਪੇ ਵਿਚਾਰਾਂ ਨਾਲ ਸੂਰਾ ਪਰਿਵਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀ ਹੈ।



ਕੰਪਿਊਟਰ ਟਾਈਪ ਸੈਟਿੰਗ ਮਾਈਕਰੋਨਿਕਸ ਕੰਪਿਊਟਰਜ਼ (ਇੰਡੀਆ) ਡੀ-੭੩, ਬਲਾਕ-16, ਪਾਹਵਾ ਰੋਡ, ਲੁਧਿਆਣਾ 141 003


## ਤਤਕਰਾ


| | |
|---|---|
| ਗੁਰੂ ਕਾ ਸਿੱਖ ਕੌਣ ਹੈ | ੨ |
| ਗੁਰਸਿੱਖ | ੫ |
| ਸ੍ਰੀ ਗੁਰੂ ਹਰਿ ਰਾਇ ਜੀ | ੮ |
| ਭਗਤ ਰਵਿਦਾਸ ਜੀ | ੧੦ |
| ਵੱਡਾ ਘੱਲੂਘਾਰਾ | ੧੩ |
| ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ | ੧੬ |
| ਆਤਮਰਾਮ ਨਿਹਾਰਿਆ | ੧੯ |
| ਗੁਰੂ ਨਾਨਕ ਦੇਵ ਜੀ ਦਾ ਸੱਚਾ ਸੌਦਾ | ੨੧ |
| ਕਲਯੁਗੀ ਸੰਤ (ਕਵਿਤਾ) | ੨੪ |
| ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ | ੨੫ |
| ਹਰਿ ਜੀ ਮਾਤਾ ਹਰਿ ਜੀ ਪਿਤਾ | ੨੭ |
| ਗੁਰਬਾਣੀ ਸੰਗੀਤ | ੨੯ |
| ਗੁਰਮਤਿ ਸਾਂਝਾ | ੩੦ |
| ਵਿਦੇਸ਼ੀਆਂ ਦੀ ਨਜ਼ਰ ਵਿਚ ਸਿੱਖ ਕਿਰਦਾਰ | ੩੧ |
| ਕੀ ਮੈਂ ਸਿੱਖ ਸਦਾ ਸਕਦਾ ਹਾਂ (ਕਵਿਤਾ) | ੩੩ |
| ਕੁਝ ਸਵਾਲ ਇਹ ਵੀ | ੩੫ |
| ਫਰਵਰੀ ਮਹੀਨੇ ਦੇ ਇਤਿਹਾਸਕ ਦਿਹਾੜੇ | ੩੬ |
| ਕਰਮ ਫਿਲਾਸਫੀ | ੩੭ |
| ਕਲਯੁੱਗ ਦਾ ਪਾਸਾਰਾ | ੪੦ |



ਡਿਜ਼ਾਈਨ ਕਰਾਫਟ ਗਿੱਲ ਰੋਡ ਲੁਧਿਆਣਾ ਤੋਂ ਛਪਵਾ ਕੇ ਹਰਬੰਸ ਸਿੰਘ ਪ੍ਰਿੰਟਰ ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ੧੨-ਆਈ, ਭਾਈ ਰਣਧੀਰ ਸਿੰਘ ਨਗਰ, ਲੁਧਿਆਣਾ ਤੋਂ ਪ੍ਰਕਾਸ਼ਤ ਕੀਤਾ।





www.AKJ.Org

# ਗੁਰੂ ਕਾ ਸਿੱਖ ਕੌਣ ਹੈ ?

*(ਗੁਰਪੁਰਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)*

ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥ (ਸੋਰਠਿ ਮ: ੩, ਪੰਨਾ ੬੦੧)

ਸਿੱਖ ਮੱਤ ਉਤੇ ਕੋਰਾ ਵਿਸ਼ਵਾਸ ਰਖਣਾ ਕੁਛ ਹੋਰ ਚੀਜ਼ ਹੈ, ਗੁਰੂ ਕੇ ਹੁਕਮਾ ਦੇ ਅਨੁਸਾਰ ਚਲਣਾ, ਅਰਥਾਤ ਗੁਰੂ ਦੇ ਭਾਣੇ ਅੰਦਰ ਵਰਤਣਾ ਕੁਛ ਹੋਰ ਗੱਲ ਹੈ। ਵਿਸ਼ਵਾਸ ਤਾਂ ਕੇਵਲ ਗੱਲੀਂ ਬਾਤੀਂ ਘਰ ਪੂਰਾ ਕਰ ਲੈਣ ਵਾਲੀ ਗੱਲ ਹੈ। ਗੁਰ-ਹੁਕਮਾਂ ਦੀ ਕਮਾਈ (ਅਮਲੀ ਵਰਤੋਂ) ਭਾਵੇਂ ਹੋਵੇ ਭਾਵੇਂ ਨਾ ਹੋਵੇ, ਸਿਖ ਮੱਤ ਦਾ ਧਾਰਨੀ ਭਾਵੇਂ ਹੋਵੇ ਭਾਵੇਂ ਨਾ ਹੋਵੇ, ਸਿਖ ਮੱਤ ਦੇ ਪਰਵਾਣ-ਕਰਤੇ ਨੂੰ ਸਿਖ ਮੱਤ ਦਾ ਧਾਰਨੀ ਨਹੀਂ ਕਹਿ ਸਕਦੇ। ਸੋ ਜਦ ਤਾਈਂ ਗੁਰੂ ਦੇ ਹੁਕਮ-ਰਜਾਈ ਚਲਦਾ, ਵਰਤਦਾ ਹੋਇਆ ਕੋਈ ਪੁਰਸ਼ ਸਿਖ ਮੱਤ ਨੂੰ ਧਾਰਨ ਨਾ ਕਰ ਲਵੇ, ਨਿਰੇ ਸਿਖ ਮੱਤ ਉਪਰ ਵਿਸ਼ਵਾਸ ਰੱਖਣ ਨਾਲ ਉਹ ਸਿਖ ਨਹੀਂ ਬਣ ਸਕਦਾ, ਕਿਉਂਕਿ ਸਿਖ ਤਾਂ ਉਹੋ ਹੀ ਹੈ, ਜੋ ਗੁਰੂ ਦੇ ਭਾਣੇ ਅੰਦਰ ਆਵੇ। ਨਹੀਂ ਆਪੋਂ (ਆਪਣੇ ਮੂੰਹੋਂ) ਸਿਖ ਸਦਵਾਉਣ ਨਾਲ ਕੋਈ ਸਿਖ ਕਿਵੇਂ ਬਣ ਸਕਦਾ ਹੈ, ਜਦ ਉਪਰਲੇ ਗੁਰ-ਪਰਮਾਣ ਦੀ ਦੂਜੀ ਤੁਕ "ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ" ਤੋਂ ਸਾਫ਼ ਸਿਧ ਹੈ ਕਿ ਆਪਣੇ ਭਾਣੇ ਅੰਦਰ ਚਲਣ ਵਾਲੇ, ਅਰਥਾਤ ਆਪਣੀ ਕਥਨੀ ਬਦਨੀ ਦੁਆਰਾ ਆਪਣੇ ਆਪ ਵਿਚ ਕੁਛ ਸਿਖ ਬਣੇ ਫਿਰਨ ਵਾਲੇ ਸਤਿਗੁਰ ਤੋਂ ਵਿਛੜੇ ਹੋਏ ਹਨ ਅਤੇ ਪਏ ਭਰਮਦੇ ਭਟਕਦੇ ਫਿਰਦੇ ਹਨ। ਉਹ ਸਤਿਗੁਰ ਨਾਲ ਕੋਈ ਸਬੰਧ ਨਹੀਂ ਰਖਦੇ। ਸਤਿਗੁਰ ਦਾ ਸਬੰਧ ਕੇਵਲ ਉਨ੍ਹਾਂ ਪੁਰਸ਼ਾਂ ਨਾਲ ਹੀ ਹੈ, ਜੋ ਸਤਿਗੁਰ ਦੇ ਭਾਣੇ ਅੰਦਰ ਆ ਗਏ ਹੋਣ। ਜੋ ਗੁਰੂ ਦੇ ਹੁਕਮ ਰਜਾਈ ਚਲਣ ਵਾਲੇ ਹੋਣ, ਬਸ ਸਤਿਗੁਰ ਦੇ ਐਸੇ ਸਨਬੰਧੀ, ਅਰਥਾਤ ਬੰਧਪ ਹੀ ਸਿਖ ਸਦਾ ਸਕਦੇ ਹਨ। ਆਪੋਂ ਕੋਈ ਆਪਣੇ ਆਪ ਨੂੰ ਸਿਖ ਨਹੀਂ ਸਦਾ ਸਕਦਾ। ਆਪਣੀ ਕਥਨੀ ਬਦਨੀ ਦੁਆਰਾ ਅੱਜ ਕਲ੍ਹ ਦੇ ਚੁੰਚ-ਗਿਆਨੀ ਆਪਣੇ ਆਪ ਨੂੰ ਕੇਵਲ ਸਿਖ ਹੀ ਨਹੀਂ ਸਦਾਉਂਦੇ, ਸਗੋਂ ਬ੍ਰਹਮ ਗਿਆਨੀ ਬਣੇ ਬੈਠੇ ਹਨ। ਪ੍ਰੰਤੂ ਅਜਿਹੇ ਕਥਨੀ ਦੇ ਚੁੰਚ-ਮੁਖੀਆਂ ਦੇ ਮੂੰਹ ਉਤੇ ਗੁਰਵਾਕ ਕਿਹੀ ਕਸਵੀਂ ਚਪੇੜ ਮਾਰਦਾ ਹੈ । ਯਥਾ ਗੁਰਵਾਕ –

ਗਿਆਨੁ ਗਿਆਨੁ ਕਥੈ ਸਭੁ ਕੋਈ॥ ਕਥਿ ਕਥਿ ਬਾਦੁ ਕਰੇ ਦੁਖੁ ਹੋਈ॥
ਕਥਿ ਕਹਣੈ ਤੇ ਰਹੈ ਨ ਕੋਈ॥ ਬਿਨੁ ਰਸ ਰਾਤੇ ਮੁਕਤਿ ਨ ਹੋਈ॥੨॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ॥ ਸਾਚੀ ਰਹਤ ਸਾਚਾ ਮਨਿ ਸੋਈ॥
ਮਨਮੁਖ ਕਥਨੀ ਹੈ ਪਰੁ ਰਹਤ ਨ ਹੋਈ॥
ਨਾਵਹੁ ਭੂਲੇ ਥਾਉ ਨ ਕੋਈ॥੩॥(੮॥੧) ਬਿਲਾਵਲੁ ਅਸਟ: ਮ: ੧, ਪੰਨਾ ੮੩੧)

ਦੇਖਿਆ ! ਕੇਵਲ ਕਥਨੀ ਦਵਾਰਾ ਆਪਣੇ ਆਪ ਨੂੰ ਕੁਛ ਸਦਾਉਣ ਵਾਲਿਆ ਅਤੇ ਸੱਚੀ ਕਮਾਈ ਅਥਵਾ ਰਹਿਤ-ਰਹਿਣੀ ਤੋਂ ਊਰੇ ਫਿਰਨ ਵਾਲਿਆਂ ਨੂੰ ਇਸ ਗੁਰਵਾਕ ਅੰਦਰ "ਮਨਮੁਖ" ਦਾ ਖ਼ਿਤਾਬ ਮਿਲਿਆ ਹੈ। ਸੋ ਆਪਣੇ ਆਪ ਵਿਚ ਹੀ ਸਿਖ ਬਣੇ ਫਿਰਨ ਵਾਲਾ 'ਸਿਖ' ਕਦਾਚਿਤ ਨਹੀਂ ਸਦਾ ਸਕਦਾ। ਉਹ ਮਨਮੁਖ ਹੈ, ਅਸਿਖ ਹੈ, ਨਿਗੋਸਾਇਆ ਹੈ, ਨਿਗੁਰਾ ਹੈ ਅਤੇ *"ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ"** ਦੇ ਗੁਰਵਾਕ ਤੋਂ ਸਪੱਸ਼ਟ ਇਹ ਸਿਧ ਹੁੰਦਾ ਹੈ ਕਿ ਸਤਿਗੁਰ ਨਾਨਕ ਦੇਵ ਜੀ ਦੇ ਬਿਨਾ ਹੋਰ ਕੋਈ ਗੁਰੂ ਸੰਸਾਰ ਵਿਖੇ ਹੈ ਨਹੀਂ, ਅਤੇ ਇਸ ਸੱਚੇ ਗੁਰੂ ਦੇ ਧਾਰਨ ਕੀਤੇ ਬਿਨਾ ਪੁਰਸ਼ ਇਸ ਸੰਸਾਰ ਵਿਖੇ ਨਿਗੁਰਾ ਹੀ ਰਹਿੰਦਾ ਹੈ। ਅਜਿਹੇ ਨਿਗੁਰੇ, ਅਸਿਖ ਪੁਰਸ਼ ਦਾ ਨਾਉਂ ਹੀ ਬੁਰਾ ਹੈ, ਉਸ ਨੂੰ ਗੁਰੂ ਦਾ ਸਿਖ ਕਦੋਂ ਕਿਹਾ ਜਾ ਸਕਦਾ ਹੈ। ਉਹ ਤਾਂ ਸਦਾ ਆਪਣੇ ਭਾਣੇ ਅੰਦਰ ਚਲਦਾ ਹੈ ਅਤੇ ਵਿਛੜ ਵਿਛੜ ਚੋਟਾ ਖਾਦਾ ਹੈ, ਜੈਸੇ ਕਿ ਗੁਰਵਾਕ ਹੈ–

*(ਆਸਾ ਮ: ੩ ਪਟੀ॥੧੩॥ ਪੰਨਾ ੪੩੫)



www.AKJ.Org

ਸੋ ਨਿਗੁਰਾ ਜੋ ਮਰਿ ਮਰਿ ਜੰਮੈ ਨਿਗੁਰੇ ਆਵਣ ਜਾਵਣਿਆ॥੨॥ (੮॥੧੩)

(ਮਾਝ ਮ: ੩, ਪੰਨਾ ੧੧੭)

ਹੁਣ *"ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ"* * ਵਾਲੇ ਗੁਰ ਪ੍ਰਮਾਣ ਤੋਂ ਗੁਰਮਤਿ ਦਾ ਇਕ ਹੋਰ ਬੜਾ ਭਾਰੀ ਅਸੂਲ ਅਰੂੜ ਹੁੰਦਾ ਹੈ। ਉਹ ਇਹ ਹੈ ਕਿ ਯਦਪ ਸਤਿਗੁਰੂ ਗੁਰੂ ਨਾਨਕ ਦੇਵ ਜੀ ਤੋਂ ਬਿਨਾ ਹੋਰ ਕੋਈ ਗੁਰੂ ਨਹੀਂ। ਸੋ ਸਿਖ ਪਦ ਭੀ ਕੇਵਲ ਉਨ੍ਹਾ ਉਤੇ ਹੀ ਘਟ ਸਕਦਾ ਹੈ ਜੋ ਕੇਵਲ ਗੁਰੂ ਨਾਨਕ ਦੇਵ ਦੇ ਹੀ ਸਿਖ ਹੋਣ। ਜੋ ਭੇਖੀ ਗੁਰੂ ਸੰਸਾਰ ਵਿਖੇ ਬਣੇ ਫਿਰਦੇ ਹਨ ਉਹਨਾ ਦੇ ਚੇਲੇ ਭੀ 'ਸਿਖ' ਸਦਾਉਣ ਦੇ ਅਧਿਕਾਰੀ ਨਹੀਂ। ਜੈਸਾ ਕਿ ਇਸ ਅਗਲੇ ਗੁਰਵਾਕ ਤੋਂ ਸਪੱਸ਼ਟ ਹੈ, ਯਥਾ ਗੁਰਵਾਕ-

ਗੁਰੂ ਜਿਨਾ ਕਾ ਅੰਧੁਲਾ ਸਿਖ ਭੀ ਅੰਧੇ ਕਰਮ ਕਰੇਨਿ॥
ਓਇ ਭਾਣੈ ਚਲਨਿ ਆਪਣੈ ਨਿਤ ਝੂਠ ਝੂਠੋ ਬੋਲੇਨਿ॥
ਕੂੜ ਕੁਸਤੁ ਕਮਾਵਦੇ ਪਰਨਿੰਦਾ ਸਦਾ ਕਰੇਨਿ॥
ਓਇ ਆਪਿ ਡੁਬੇ ਪਰ ਨਿੰਦਕਾ ਸਗਲੇ ਕੁਲ ਡੋਬੇਨਿ॥
ਨਾਨਕ ਜਿਤੁ ਓਇ ਲਾਏ ਤਿਤੁ ਲਗੇ ਉਇ ਬਪੁੜੇ ਕਿਆ ਕਰੇਨਿ॥੨॥੧੦॥

(ਰਾਮਕਲੀ ਕੀ ਵਾਰ, ਮ: ੩, ਪੰਨਾ ੯੫੧)

ਇਸ ਗੁਰਵਾਕ ਤੋਂ ਸਾਨੂੰ ਹਦਾਇਤ ਮਿਲਦੀ ਹੈ ਕਿ ਭੇਖੀ ਅਗਿਆਨੀ ਗੁਰੂ ਦੇ ਸਿਖ ਭੀ ਹੁੰਦੇ ਹਨ। ਉਹ ਐਵੇਂ ਹੀ ਆਪਣੇ ਆਪ ਉਤੇ ਅਣਹੋਇਆ 'ਸਿਖ' ਪਦ ਘਟਾ ਲੈਂਦੇ ਹਨ। ਵਾਸਤਵ ਵਿਚ ਹੁੰਦੇ ਉਹ ਨਿਰੇ ਅਗਿਆਨੀ ਅੰਧਲੇ ਅਸਿਖ ਹਨ। ਅਲਪਗ, ਅਗਿਆਨੀ ਗੁਰੂ ਦੇ ਸਿਖ ਜੁ ਹੋਏ। ਜੈਸਾ ਕਿ ਗੁਰਵਾਕ ਹੈ :-

ਗੁਰੂ ਸਦਾਏ ਅਗਿਆਨੀ ਅੰਧਾ ਕਿਸੁ ਓਹੁ ਮਾਰਗਿ ਪਾਏ॥੩॥

(੪॥੫॥੭) ਗੂਜਰੀ ਮ: ੩, ਪੰਨਾ ੪੯੧)

ਤਥਾ- ਗੁਰੂ ਜਿਨਾ ਕਾ ਅੰਧੁਲ਼ਾ ਚੇਲੇ ਨਾਹੀ ਠਾਉ....॥੩॥(੮॥੮)

(ਸਿਰੀਰਾਗੁ ਮ: ੧, ਪੰਨਾ ੫੮)

ਅਜਿਹੇ ਅਗਿਆਨੀ ਆਪਣੇ ਆਪ ਹੀ ਗੁਰੂ ਬਣ ਬੈਠਣ ਵਾਲੇ ਅਤੇ ਆਪਣੇ ਆਪ ਨੂੰ ਨਿਖੜਵਾ ਭੇਖ ਮਾਤਰ ਗੁਰੂ ਸਦਾਉਣ ਵਾਲੇ ਪੁਰਸ਼ ਦੇ, ਚੇਲੇ ਚਪਾਟੇ ਭੀ ਭੇਖੀ ਅਤੇ ਅਗਿਆਨੀ ਹੁੰਦੇ ਹਨ। ਉਹ ਭੀ ਸਦਵਾਉਂਦੇ ਆਪਣੇ ਨੂੰ ਸਿਖ ਹਨ, ਪਰੰਤੂ ਕਰਮ ਉਹਨਾ ਦੇ ਅਸਿਖਾਂ ਵਾਲੇ ਹੁੰਦੇ ਹਨ, ਕਿਉਂਕਿ ਦੂਜੀ ਤੁਕ ਅੰਦਰ ਦਸਿਆ ਹੈ ਕਿ ਉਹ ਆਪਣੇ ਭਾਣੈ ਅੰਦਰ (ਮਨ ਦੀ ਮਰਜ਼ੀ ਅਨੁਸਾਰ) ਹੀ ਚਲਦੇ ਹਨ ਅਤੇ ਸਭ ਤੋਂ ਪ੍ਰਿਥਮ-ਪਰਮਾਣ ਗੁਰਵਾਕ ਅੰਦਰ ਦਸਿਆ ਹੈ ਕਿ ਜਿਹੜੇ ਆਪਣੇ ਭਾਣੈ ਅੰਦਰ ਚਲਣੇ ਵਾਲੇ ਹਨ, ਉਹਨਾ ਦਾ ਸਤਿਗੁਰੂ ਨਾਲ ਕੋਈ ਸਨਬੰਧ ਸਾਕ ਨਹੀਂ। ਅਰਥਾਤ ਉਹ ਗੁਰੂ ਦੇ ਸਿਖ ਨਹੀਂ ਸਦਵਾ ਸਕਦੇ। ਸੋ ਇਸ ਪਿਛਲੇਰੇ ਗੁਰ-ਪਰਮਾਣ ਤੋਂ ਅਸਾ ਨੂੰ ਸਾਫ਼ ਇਹ 'ਸਮਝਤੀ ਮਿਲਦੀ ਹੈ ਕਿ ਅਜਿਹੇ ਕੱਚੇ ਪਿਲੇ ਭੇਖੀ ਅਤੇ ਭਿੰਡੀ ਗੁਰੂਆ ਦੇ ਚੇਲੇ ਚਾਟਿਆਂ ਨੂੰ ਕਦੇ ਸਿਖ ਕਰਕੇ ਨਹੀਂ ਜਾਨਣਾ, ਚਾਹੇ ਉਹ ਆਪ ਨੂੰ ਕਿਤਨਾ ਹੀ ਕਿਉਂ ਨਾ ਸਿਖ ਸਦਾਉਂਦੇ ਫਿਰਨ, ਕਿਉਂਕਿ ਉਨ੍ਹਾ ਦਾ ਤਾ ਕਸਬ ਨਿਤਾਪ੍ਰਤਿ ਝੂਠੋ ਝੂਠ ਬੋਲਣ ਅਤੇ ਕੂੜ ਕੁਸੱਤ ਕਮਾਵਣਾ ਹੈ। ਆਪਣੇ ਮੂੰਹੋਂ ਮੀਆਂ ਮਿਠੂ ਤਾ ਸਭ ਕੋਈ ਬਣ ਜਾਂਦਾ ਹੈ। ਆਪੋਂ ਚਾਹੇ ਕੋਈ ਕਿਤਨਾ ਹੀ ਨਿਜ ਨੂੰ ਸਿਖ ਸਦਵਾਏ, ਉਸ ਨਿਜ ਕਥਨੀ ਦੁਆਰਾ ਉਹ ਕਦਾਚਿਤ ਸਿਖ ਨਹੀਂ ਬਣ ਸਕਦਾ, ਨਾ ਸਿਖ ਤਸਲੀਮ ਕੀਤਾ ਜਾ ਸਕਦਾ ਹੈ। ਇਸ ਗੁਰਵਾਕ ਦੀ ਵਿਆਖਿਆ ਤੋਂ ਸਿੱਟਾ ਨਿਕਲਿਆ ਕਿ ਸਿਖ ਕੇਵਲ ਗੁਰੂ ਨਾਨਕ ਦੇਵ ਜੀ ਦੀ ਸਿਖੀ ਧਾਰਨ ਕਰਨ ਵਾਲੇ ਨੂੰ ਕਹਿ ਸਕਦੇ ਹਾਂ। ਗੁਰੂ ਘਰ ਤੋਂ ਬੇਮੁਖ, ਭੇਖੀ ਦੇਹਧਾਰੀ ਗੁਰੂਆਂ ਦੇ ਚੇਲੇ, ਜੋ ਕਿ ਗੁਰਮਤਿ, ਸਿਖ ਮਤਿ, ਗੁਰੂ ਨਾਨਕ ਦੇਵ ਜੀ ਦੀ ਸਿਖੀ ਦੇ ਧਾਰਨੀ ਨਾ ਹੋਣ, ਉਹਨਾ ਦਾ ਨਾਉਂ ਭੀ ਸਿਖ ਨਹੀਂ। ਇਹਨਾਂ ਭੇਖੀ ਅਤੇ ਦੇਹਧਾਰੀ ਗੁਰੂਆ ਅਤੇ ਅਜਿਹੇ ਨਕਲੀ ਗੁਰੂਆ ਦੇ ਨਕਲੀ ਸਿਖਾਂ ਦਾ ਝਮੇਲਾ ਗੁਰੂ ਪੰਥ ਵਿਖੇ ਪਹਿਲੇ ਦਿਨੋਂ ਪੈਂਦਾ ਰਿਹਾ



www.AKJ.Org

ਹੈ। ਪ੍ਰੰਤੂ ਗੁਰੂ ਕਰਣੀ ਦੁਆਰਾ ਤਾਬੜ ਤੋੜ ਹੀ ਨਿਬੜਦਾ ਰਿਹਾ ਹੈ। ਦਸਮ ਗੁਰੂ ਨਾਨਕ, ਸ੍ਰੀ ਦਸਮੇਸ਼ ਜੀ ਨੇ ਓੜਕ ਏਸ ਝਮੇਲੇ ਨੂੰ ਅਜਿਹਾ ਨਿਬੇੜਿਆ ਕਿ ਗੁਰੂ ਘਰ ਦੀ ਗੁਰਸਿਖੀ ਦੀ ਜੁਗਾ ਜੁਗਾਤ੍ਰਾ ਲਈ ਅਟੱਲ ਪਰਖ ਅਤੇ ਪਛਾਣ ਅਰੁੜ ਕਰ ਦਿਤੀ। ਜਿਸ ਤੋਂ ਕਦਾਚਿਤ ਭੀ ਇਹ ਧੋਖਾ ਨਹੀਂ ਲਗ ਸਕਦਾ ਕਿ ਸੱਚਾ ਸਿੱਖ ਕਿਹੜਾ ਹੈ ਅਤੇ ਭੇਖੀ ਸਿਖ ਕਿਹੜਾ ਹੈ।

ਬਸ ਜਦ ਸ੍ਰੀ ਦਸਮੇਸ਼ ਜੀ ਨੇ ਆਪਣੀ ਅਗਾਧ ਅਤੇ ਅਮਿਤ ਗਤੀ ਦੁਆਰਾ ਸਿਖ ਬਣਨ ਅਤੇ ਸਿਖ ਮੱਤ ਧਾਰਨ ਦੀ ਪਵਿਤਰ ਮਰਯਾਦਾ ਸਦੀਵ ਲਈ ਅਤੇ ਸਭ ਲਈ ਚਰਨਾਮ੍ਰਿਤ ਦੀ ਜਗ੍ਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ, ਪੰਚ ਖਾਲਸਾ ਦੀ ਰਾਹੀਂ ਤਿਆਰ ਕੀਤੇ ਖੰਡੇ ਦੇ ਅੰਮ੍ਰਿਤ ਵਿਖੇ ਬਦਲ ਦਿਤੀ ਹੈ ਅਤੇ ਇਸ ਬਿਧਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਿਆਈ ਰੂਪੀ ਪਦਵੀ ਨੂੰ ਜੁਗਾਤਰਾਂ ਲਈ ਅਟੱਲ ਅਤੇ ਅਰੂੜ ਕਰ ਦਿਤਾ ਹੈ, ਤਦ ਅੱਜ ਕਲ੍ਹ ਸਿਖ ਬਣਨ ਲਈ ਅਤੇ ਸਿਖ ਮਤਿ ਤੇ ਧਾਰਨ ਕਰਨ ਲਈ ਪ੍ਰਿਥਮ ਅਤੇ ਮੂਲ ਨਿਯਮ ਖੰਡੇ ਦੇ ਅੰਮ੍ਰਿਤ ਰੂਪ ਪਵਿਤਰ ਗੁਰ ਮਰਯਾਦਾ ਤੋਂ ਭਿੰਨ ਕਦਾਚਿਤ ਕੋਈ ਹੋਰ ਨਹੀਂ ਹੋ ਸਕਦਾ।

ਸਿਖ ਬਣਾਉਣ ਦੀ ਪਵਿਤਰ ਮਰਯਾਦਾ ਦੇ ਇਸ ਬਿਧ ਕਾਇਆਂ ਪਲਟਣ ਦਾ ਦੂਜਾ ਪ੍ਰਗਟ ਅਤੇ ਪ੍ਰਸਿਧ ਕਾਰਨ ਇਹ ਹੈ ਕਿ ਸਿਖ ਕੌਮ ਮੁਢ ਤੋਂ ਹੀ (ਅਰਥਾਤ ਸ੍ਰੀ ਗੁਰੂ ਪਹਿਲੀ ਪਾਤਸ਼ਾਹੀ ਦੇ ਸਮੇਂ ਤੋਂ ਹੀ) ਰਾਜ ਯੋਗ ਮਾਨਣ ਵਾਲੀ, ਅਰਥਾਤ ਗ੍ਰਹਿਸਤ ਵਿਖੇ ਰਹਿ ਕੇ ਹੀ ਮੋਖ ਪਦਵੀ ਨੂੰ ਪ੍ਰਾਪਤ ਹੋਣ ਵਾਲੀ ਪਰਉਪਕਾਰੀ ਅਤੇ ਧਰਮਾਰਥੀ ਕੌਮ ਹੈ। ਪਹਿਲੀਆਂ ਪੰਜ ਪਾਤਸ਼ਾਹੀਆ ਦੇ ਸਮੇਂ ਤੀਕਰ ਤਾ ਸਿਖਾ ਦਾ ਪਰਉਪਕਾਰ ਅਤੇ ਪਰਮਾਰਥ ਨਿਰਵਿਘਨ ਨਿਭਦਾ ਰਿਹਾ। ਪ੍ਰੰਤੂ ਤਦ ਪਸਚਾਤ ਰਾਜ-ਗਰਦੀ ਅਤੇ ਨਾਨਾ ਪਰਕਾਰ ਦੇ ਜ਼ੋਰ ਜ਼ੁਲਮ ਅਤੇ ਅਨ੍ਹੇਰ-ਗਰਦੀ ਦਾ ਦੌਰ-ਦੌਰਾ ਹੋ ਜਾਣ ਪਰ ਸ੍ਰੀ ਸਤਿਗੁਰੂ ਜੀ ਨੇ ਛੇਵੇਂ ਜਾਮੇ ਤੋਂ ਮੀਰੀ-ਪੀਰੀ ਦੀਆ ਦੋ ਤਲਵਾਰਾਂ ਧਾਰਨ ਕਰ ਕੇ ਗੁਰਸਿਖਾ ਨੂੰ ਯੁਧ ਜੰਗ ਲਈ ਸਨੱਧ-ਬੱਧ ਰਖਣਾ ਅਰੰਭ ਕੀਤਾ। ਐਥੋਂ ਤਾਈਂ ਕਿ ਦਸਵਾ ਜਾਮਾ ਧਾਰ ਕੇ ਪਰਜਾ ਦੀ ਰਛਿਆ ਲਈ ਸੂਰਬੀਰ ਜੋਧਿਆ ਦਾ ਪੰਥ ਪਰਗਟ ਕਰਨ ਹਿਤ ਖੰਡੇ ਦੇ ਅੰਮ੍ਰਿਤ ਦੀ ਪਵਿਤਰ ਮਰਯਾਦਾ ਚਲਾ ਕੇ ਗੁਰਸਿੱਖਾਂ ਵਿਖੇ ਬੀਰ-ਰਸ ਭਰ ਦਿਤਾ।

ਹੁਣ ਇਸ ਅੰਮ੍ਰਿਤ ਦੀ ਮਰਯਾਦਾ ਦੁਆਰਾ ਸਜਿਆ ਸਿਖ ਉਹ ਸਿਖ ਹੈ, ਜੋ ਸਿੱਖੀ ਦੇ ਦਾਇਰੇ ਅੰਦਰ ਆ ਕੇ (ਗੁਰੂ ਕੇ ਭਾਣੈ ਅੰਦਰ ਆ ਕੇ) ਗੁਰਬਾਣੀ ਦੁਆਰਾ ਪ੍ਰਗਟ ਕੀਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਰਬ ਅਤੇ ਸਮੂਹ ਹੁਕਮਾ ਨੂੰ ਸਿਰ ਮੱਥੇ ਉਤੇ ਸਵੀਕਾਰ ਕਰਨ ਕਰਕੇ, ਗੁਰੂ ਘਰ ਦਾ ਗੁਰੂ, ਗੁਰੂ ਦਾ, ਸਤਿਗੁਰੂ ਗੁਰੂ ਨਾਨਕ ਦੇਵ ਜੀ, ਸਤਿਗੁਰੂ ਸ੍ਰੀ ਦਸਮੇਸ਼ ਜੀ, ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿਖ ਸਦਵਾਦਾ ਹੈ। ਉਹੀ ਸਿਖ ਪਰਉਪਕਾਰੀ, ਅਤੇ ਸਨੱਬ-ਬੱਧ ਸ਼ਸਤਰਧਾਰੀ ਹੋਣ ਕਰਕੇ ਸਿੰਘ ਸਦਾਉਂਦਾ ਹੈ। ਉਹੀ ਸਿਖ ਖਾਲਸ (ਨਿਰਮਲ) ਪਰਉਪਕਾਰ ਹਿਤ ਪ੍ਰਗਟ ਹੋਇ ਖਾਲਸਾ ਪੰਥ ਦੀ ਇਕ ਅਦੁੱਤੀ ਅਤੇ ਅਕਾਲੀ ਅੰਸ ਹੋਣ ਕਰਕੇ, ਖਾਲਸਾ ਸਦਵਾਂਦਾ ਹੈ। ਜਿਸ ਦੇ ਘਟ ਅੰਦਰ ਸਦਾ ਹੀ ਵਾਹਿਗੁਰੂ ਦੀ ਜਾਗਤ ਜੋਤਿ ਜਗਦੀ ਹੈ, ਸੋਈ ਸਿਖ ਸਦੀਵ ਗੁਰੂ ਨੂੰ ਸਨਮੁਖ ਅਤੇ ਅੰਗ ਸੰਗ ਜਾਨਣ ਵਾਲਾ ਅਤੇ ਕੇਵਲ ਗੁਰੂ ਉਤੇ ਹੀ ਤਕੀਆ ਤਾਣ ਰਖਣ ਵਾਲਾ ਅਤੇ ਸਰਬ ਸੰਸਾਰ ਤੋਂ ਉਪਰਾਮ ਹੋ ਕੇ ਅਤੇ ਮਾਇਆ ਵਿਚ ਕੰਵਲ ਵਤ ਅਲੇਪ ਰਹਿ ਕੇ ਕੇਵਲ ਗੁਰੂ ਪਰਾਇਣ ਹੀ ਰਹਿਣ ਵਾਲਾ ਹੋਣ ਕਰਕੇ 'ਗੁਰਮੁਖ' ਅਖਵਾਉਂਦਾ ਹੈ। ਸੋਈ ਸਿਖ ਆਪਾ ਭਾਵ ਨਿਵਾਰ ਕੇ, ਸਾਧ ਸੰਗਤ ਦੀ ਰੇਣਕਾ ਅਤੇ ਗਰੀਬੀ ਗਦਾ ਬਣਾ ਕੇ, ਅਤੇ ਸੇਵਾ ਨੂੰ ਮੁਖ ਰਖ ਕੇ, ਦਾਸਾਂ ਦਾ ਭੀ ਦਾਸ ਬਣ ਰਹਿਣ ਕਰ 'ਸੇਵਕ' ਦੀ ਪਦਵੀ ਨੂੰ ਪ੍ਰਾਪਤ ਹੈ। ਇਹ ਨਹੀਂ ਕਿ ਸਿਖ ਕੇਵਲ ਕੇਸਧਾਰੀ ਹੋਣ ਕਰ ਸਿੰਘ ਸਦਾਉਂਦਾ ਅਤੇ ਮੋਨਾ ਹੋਣ ਕਰ ਸਹਿਜਧਾਰੀ ਅਖਵਾਉਂਦਾ ਹੈ। ਇਸ ਬਿਧ ਜੋ 'ਸਿਖ ਪਦ' ਦੀ ਵਿਆਖਿਆ ਕਰਦੇ ਹਨ, ਉਹ ਗੁਰੂ ਘਰ ਦੇ ਗੂੜ੍ਹ ਪਰਮਾਰਥੀ ਭੇਦਾ ਅਤੇ ਗੁਰਸਿਖੀ ਤੋਂ ਹੀ ਅਗਿਆਤ ਹਨ। ਸਿਖ ਕੌਮ ਵਿਖੇ ਸਿਖ ਪਦ ਸੰਬੰਧੀ ਇਸ ਪਰਕਾਰ ਦੀ

(ਬਾਕੀ ਪੰਨਾ ੧੨ ਤੇ ...)



www.AKJ.Org

# ਗੁਰਸਿਖ

(ਪ੍ਰੋ: ਹਰਬੰਸ ਸਿੰਘ ਜੀ)

ਸਿੱਖ ਧਰਮ ਅੰਦਰ ਗੁਰੂ ਦੀ ਸਿਖਿਆ ਅਨੁਸਾਰ ਚਲਣ ਵਾਲਾ ਪ੍ਰਾਣੀ ਗੁਰਸਿਖ ਅਖਵਾਉਂਦਾ ਹੈ. ਉਹ ਇਨਸਾਨ ਜਿਹੜਾ ਕਿ ਅਕਾਲ ਪੁਰਖ ਤੇ ਨਿਸਚਾ ਰਖਦਾ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਦਸੇ ਗੁਰੂ ਸਾਹਿਬਾਨ ਦੇ ਦਰਸਾਏ ਰਸਤੇ ਤੇ ਚਲਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਸਤਿ ਅਤੇ ਦਸੋਂ ਪਾਤਸ਼ਾਹੀਆ ਦੀ ਜਾਗਤ ਜੋਤ ਕਰਕੇ ਮੰਨਦਾ ਹੈ ਅਰ ਖੰਡੇ ਦੀ ਪਾਹੁਲ ਛਕ ਕੇ ਗੁਰੂ ਦੇ ਲੜ ਲਗਦਾ ਹੈ, ਗੁਰੂ ਕਾ ਸਿਖ ਅਥਵਾ ਗੁਰਸਿਖ ਕਹਿਲਾਉਂਦਾ ਹੈ।

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥(ਪੰਨਾ ੬੦੧)

ਉਪਰਲੇ ਗੁਰਵਾਕ ਅਨੁਸਾਰ 'ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ'। ਸਿਖ ਉਹ ਹੈ ਜੋ ਗੁਰ ਕੇ ਭਾਣੇ ਵਿਚ ਆਵੈ। ਜੋ ਸਤਿਗੁਰੂ ਦਾ ਹੁਕਮੀ ਬੰਦਾ ਬਣ ਕੇ ਸਿਖ ਮਤ ਨੂੰ ਧਾਰਨ ਕਰਕੇ 'ਹੁਕਮਿ ਰਜਾਈ' ਚਲੇ। ਜੋ ਗੁਰੂ ਦੇ ਭਾਣੇ ਨੂੰ ਛਡਕੇ ਆਪਣੇ ਭਾਣੇ (ਆਪਣੀ ਮਨ ਮਰਜ਼ੀ) ਅਨੁਸਾਰ ਚਲਦਾ ਹੈ ਉਹ ਸਤਿਗੁਰੂ ਤੋਂ ਵਿਛੜਿਆ ਹੋਇਆ ਹੈ ਅਤੇ ਕਦੇ ਵੀ ਗੁਰਸਿਖ ਨਹੀਂ ਅਖਵਾ ਸਕਦਾ। ਆਪਣੇ ਮਨ ਦੀ ਮਤ ਅਨੁਸਾਰ ਚਲਣ ਵਾਲਾ ਤੇ ਮਨਮੁਖ ਹੈ ਜੋ ਸਤਿਗੁਰੂ ਤੋਂ ਵਿਛੜ ਕੇ ਦਰ ਦਰ ਦੀਆ ਚੋਟਾ (ਠੇਡੇ) ਖਾ ਰਿਹਾ ਹੈ।

ਗੁਰੂ ਦਾ ਸਿਖ ਅਖਵਾਉਣ ਲਈ ਮਨੁਖ ਨੂੰ ਗੁਰੂ ਦੇ ਘਰੋਂ ਪਾਹੁਲ ਲੈਣੀ ਪੈਂਦੀ ਹੈ ਅਥਵਾ ਅੰਮ੍ਰਿਤ ਛਕਣਾ ਪੈਂਦਾ ਹੈ। ਅੰਮ੍ਰਿਤ ਛਕੇ ਬਿਨਾ ਕੋਈ ਭੀ ਆਪਣੇ ਆਪ ਨੂੰ ਗੁਰੂ ਵਾਲਾ ਨਹੀਂ ਅਖਵਾ ਸਕਦਾ। ਜਿਵੇਂ ਇਕ ਇਸਤਰੀ ਨੂੰ ਕਿਸੇ ਮਰਦ ਦੀ ਨਾਰ ਅਖਵਾਉਣ ਲਈ ਵਿਆਹ ਦੀ ਰਸਮ ਪੂਰੀ ਕਰਨੀ ਪੈਂਦੀ ਹੈ ਉਸੇ ਹੀ ਤਰ੍ਹਾਂ ਇਕ ਮਨੁੱਖ ਨੂੰ ਗੁਰੂ ਵਾਲਾ (ਗੁਰ-ਸਿਖ) ਬਣਨ ਲਈ ਅੰਮ੍ਰਿਤ ਛਕਣਾ ਪੈਂਦਾ ਹੈ। ਅੰਮ੍ਰਿਤ ਛਕਣਾ ਫ਼ੌਜ ਵਿਚ ਭਰਤੀ ਹੋਣ ਵਾਂਗ ਹੈ। ਜਦੋਂ ਕੋਈ ਬੰਦਾ ਫ਼ੌਜ ਵਿਚ ਭਰਤੀ ਹੋ ਜਾਂਦਾ ਹੈ ਤਾ ਉਸ ਨੂੰ ਉਸ ਫ਼ੌਜ ਦਾ ਪਹਿਰਾਵਾ ਧਾਰਨ ਕਰਨਾ ਪੈਂਦਾ ਹੈ ਅਤੇ ਆਪਣੇ ਕਮਾਂਡਰ ਦਾ ਹੁਕਮ ਸਿਰ ਮੱਥੇ ਤੇ ਮੰਨਣਾ ਪੈਂਦਾ ਹੈ, ਉਸੇ ਹੀ ਤਰ੍ਹਾਂ ਮਨੁੱਖ ਨੂੰ ਗੁਰੂ ਕੀ ਫ਼ੌਜ ਦਾ ਸਿਪਾਹੀ ਬਣਨ ਲਈ ਗੁਰੂ ਵਲੋਂ ਨਿਯੁਕਤ ਵਰਦੀ ਧਾਰਨ ਕਰਨੀ ਪੈਂਦੀ ਹੈ ਅਤੇ ਉਸ ਦੇ ਹੁਕਮਾ ਦੀ ਪਾਲਣਾ ਕਰਨੀ ਪੈਂਦੀ ਹੈ।

ਆਪਣੇ ਸਿਖ ਲਈ ਗੁਰੂ ਦਾ ਪਹਿਲਾ ਫੁਰਮਾਨ 'ਸਾਬਤ ਸੂਰਤ ਦਸਤਾਰ ਸਿਰਾ' ਅਥਵਾ ਸਾਬਤ ਸੂਰਤ ਅਤੇ ਸਿਰ ਤੇ ਦਸਤਾਰ ਦੇ ਹੋਣ ਦਾ ਹੈ। ਸਾਬਤ ਸੂਰਤ ਅਤੇ ਸਿਰ ਦਸਤਾਰ (ਪਗੜੀ) ਹੋਣ ਕਰਕੇ ਹੀ ਗੁਰੂ ਕਾ ਸਿਖ ਇਕਲਾ ਲਖਾ ਵਿਚ ਖਲੋਤਾ ਦੂਰੋਂ ਹੀ ਨਜ਼ਰ ਆ ਜਾਂਦਾ ਹੈ।

ਗੁਰੂ ਕਾ ਸਿਖ ਆਪਣੀ ਕੁਦਰਤੀ ਸ਼ਕਲ ਨੂੰ ਵਿਗਾੜਦਾ ਨਹੀਂ। ਫੈਸ਼ਨ ਜਾ ਮਨ ਦੀ ਮਤ ਦੇ ਮਗਰ ਲਗਕੇ ਆਪਣੇ ਸਰੀਰ ਦੇ ਕਿਸੇ ਭੀ ਅੰਗ ਨੂੰ ਕਟਦਾ ਅਥਵਾ ਵਿਗਾੜਦਾ ਨਹੀਂ। ਉਹ ਮੁਸਲਮਾਨਾ ਵਾਂਗ ਸੁੰਨਤ ਨਹੀਂ ਕਰਵਾਉਂਦਾ। ਉਹ ਅਨਮਤੀਆਂ ਵਾਂਗ ਸਰੀਰ ਦੇ ਰੋਮ (ਵਾਲ) ਨਹੀਂ ਕਟਦਾ। ਸਿਰ ਦੇ ਵਾਲਾ ਦੀ ਸੰਭਾਲ ਲਈ ਗੁਰੂ ਹੁਕਮਾ ਅਨੁਸਾਰ ਦਸਤਾਰ ਸਜਾ ਕੇ ਰਖਦਾ ਹੈ। ਕੇਸਾ ਨੂੰ ਸਰੀਰ ਦਾ ਉਨਾ ਹੀ ਜ਼ਰੂਰੀ ਅੰਗ ਸਮਝਕੇ ਸੰਭਾਲ ਕਰਦਾ ਹੈ ਜਿਵੇਂ ਕਿ ਸਰੀਰ ਦੇ ਹੋਰ ਅੰਗ। ਕੇਸਾ ਨੂੰ ਜੀਵ ਰੂਪੀ ਰਸੀਵਰ (Receiver) ਅਥਵਾ ਰੇਡੀਓ ਦਾ ਏਰੀਅਲ (Aerial) ਸਮਝਕੇ ਸਾਫ਼ ਸੁਥਰੇ ਰਖਦਾ ਹੈ ਤਾਂਜੋ ਸਚ-ਖੰਡੀ ਬਰਾਡਕਾਸਟਿੰਗ ਸਟੇਸ਼ਨ (Broadcasting Station) ਦਾ ਪ੍ਰੋਗਰਾਮ ਸਾਫ਼ ਆਵਾਜ਼ ਵਿਚ ਸੁਣ ਸਕੇ। ਗੁਰੂ ਕੇ ਸਿਖ ਨੂੰ ਕੇਸ ਜਾਨ ਤੋਂ ਭੀ ਵਧ ਪਿਆਰੇ ਹਨ। ਗੁਰੂ ਕੇ ਸਿਖਾਂ ਨੇ ਬੰਦ ਬੰਦ ਤਾ ਕਟਵਾ ਦਿਤੇ, ਖੋਪਰੀਆ ਤਾ ਲੁਹਾ ਲਈਆ, ਚਰਖੜੀਆ ਤੇ ਤਾਂ ਚੜਨਾ ਮੰਨ ਲਿਆ, ਆਰਿਆ ਨਾਲ ਤਾਂ ਦੁਫਾੜ ਹੋ ਗਏ, ਦੇਗਾ ਵਿਚ ਤਾ ਉਬਾਲੇ ਗਏ, ਸਿੰਘਣੀਆਂ ਨੇ ਆਪਣੇ ਬੱਚਿਆ ਦੇ ਟੋਟੇ ਟੋਟੇ ਕਰਵਾਕੇ ਆਪਣੇ ਗਲਾ ਵਿਚ ਤਾ ਪਵਾ ਲਏ, ਪਰ ਕੇਸਾ ਦੀ ਬੇਅਦਬੀ ਨਾ ਕਬੂਲੀ, ਧਰਮ ਤੋਂ ਨਾ ਡੋਲੇ, ਸਿੱਖੀ ਸਿਦਕ ਕੇਸਾ ਸੁਆਸਾ ਸੰਗ ਨਿਬਾਹਿਆ।


www.AKJ.Org

ਗੁਰੂ ਕਾ ਸਿਖ ਗੁਰੂ ਵਲੋਂ ਦਰਸਾਈ ਗਈ 'ਰਹਿਣੀ (ਰਹਿਤ) ਵਿਚ ਰਹਿਣ ਲਈ ਰਹਿਤਾਂ ਧਾਰਨ ਕਰਦਾ ਹੈ ਅਤੇ 'ਕੁਰਹਿਤਾਂ' ਤੋਂ ਬਚੇ ਰਹਿਣ ਲਈ ਗੁਰੂ ਅਗੇ ਪ੍ਰਣ ਲੈਂਦਾ ਹੈ। ਪੰਜ ਕਕਾਰੀ ਰਹਿਤਾਂ ਨੂੰ ਅੰਗ ਸੰਗ ਰਖਦਾ ਹੈ—

'ਕਛਹਿਰਾ' ਜਤ ਦਾ ਧਾਰਨੀ ਹੋਵਣ ਲਈ. 'ਕੜਾ' ਹਥ ਨੂੰ ਬੁਰੇ ਕੰਮੋਂ ਰੋਕਣ ਦੀ ਚੇਤਾਵਨੀ ਲਈ. 'ਕਿਰਪਾਨ' ਸਵੈ ਰਖਿਆ ਅਤੇ ਜੁਲਮ ਦਾ ਨਾਸ਼ ਕਰਨ ਲਈ. 'ਕੰਘਾ' ਕੇਸਾਂ ਦੀ ਸਫਾਈ ਵਾਸਤੇ ਅਤੇ 'ਕੇਸਕੀ' (ਛੋਟੀ ਦਸਤਾਰ) ਹਰ ਸਮੇਂ ਸਿਰ ਦੇ ਵਾਲਾਂ ਨੂੰ ਢਕੇ ਰਖਣ ਵਾਸਤੇ ਤਾਂ ਜੋ ਦਸਮ-ਦੁਆਰ (ਸਿਰ) ਦੀ ਪਵਿਤਰਤਾ ਭੰਗ ਨਾ ਹੋਵੇ।

ਕਛ, ਕੜਾ, ਕਿਰਪਾਨ, ਕੰਘਾ, ਕੇਸਕੀ
ਪੰਜ ਕਕਾਰੀ ਰਹਿਤ ਧਾਰੇ ਸਿੰਘ ਸੋਈ। (ਰਹਿਤਨਾਮਾ ਭਾਈ ਚੋਪਾ ਸਿੰਘ ਜੀ)

ਗੁਰੂ ਕਾ ਸਿਖ ਗੁਰੂ ਹੁਕਮਾਂ ਅਨੁਸਾਰ ਹੇਠ ਲਿਖੀਆਂ ਚਾਰ ਬੱਜਰ (ਬਹੁਤ ਵਡੀਆਂ) ਕੁਰਹਿਤਾਂ ਤੋਂ ਆਪਣੇ ਆਪ ਨੂੰ ਬਚਾ ਕੇ ਰਖਦਾ ਹੈ :-

1. ਰੋਮ (ਵਾਲ ਕਟਣੇ)
2. ਕੁੱਠਾ (ਮਾਸ ਖਾਣਾ)
3. ਪਰ-ਇਸਤ੍ਰੀ ਜਾਂ ਪਰ ਪੁਰਸ਼ ਨਾਲ ਭੋਗ।
4. ਤੰਬਾਕੂ ਦੀ ਵਰਤੋਂ

ਗੁਰੂ ਕਾ ਸਿਖ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰਦਾ ਹੈ। ਸਰੀਰ ਨੂੰ ਪਾਣੀ ਨਾਲ ਇਸਨਾਨ ਕਰਵਾਉਂਦਾ ਹੈ ਤਾਂ ਜੋ ਸੁਸਤੀ ਅਤੇ ਤਨ ਦੀ ਮੈਲ ਲਥ ਜਾਏ ਪਰ ਮਨ ਦੀ ਮੈਲ ਨੂੰ ਦੂਰ ਕਰਨ ਵਾਸਤੇ ਅਤੇ ਬੁੱਧੀ ਨੂੰ ਉਜਲ ਕਰਨ ਲਈ ਗੁਰ-ਮੰਤਰ ਦਾ ਰਟਣ ਕਰਦਾ ਹੈ ਅਤੇ ਗੁਰਬਾਣੀ ਦਾ ਪਾਠ ਕਰਦਾ ਹੈ। ਗੁਰੂ ਦੀ ਸਿਖਿਆ ਨੂੰ ਗ੍ਰਹਿਣ ਕਰਣ ਲਈ ਉਹ ਸਾਧ ਸੰਗਤਿ ਵਿਚ ਜਾਂਦਾ ਹੈ, ਗੁਰੂ ਦੀ ਬਾਣੀ ਸੁਣਦਾ ਹੈ, ਕੀਰਤਨ ਕਰਦਾ ਜਾਂ ਸੁਣਦਾ ਹੈ, ਸੁਰਤੀ ਨੂੰ 'ਸ਼ਬਦ' ਨਾਲ ਜੋੜਦਾ ਹੈ ਯਥਾ ਸ਼ਕਤ ਕੋਈ ਸੇਵਾ ਕਰਦਾ ਹੈ ਜਿਵੇਂ ਕਿ ਪਾਠ ਕਰਨਾ, ਕਥਾ ਕੀਰਤਨ ਕਰਨਾ, ਪਖਾ ਝਲਣਾ, ਝਾੜੂ ਦੇਣਾ, ਜੋੜਿਆਂ ਅਤੇ ਘੋੜਿਆਂ ਦੀ ਸੰਭਾਲ ਕਰਨੀ ਅਤੇ ਲੰਗਰ ਤਿਆਰ ਕਰਨਾ ਅਤੇ ਵਰਤਾਉਣਾ ਲੰਗਰ ਲਈ ਲੱਕੜਾਂ ਪਾੜਨੀਆਂ, ਭਾਂਡੇ ਮਾਂਜਣੇ, ਦਰੀਆਂ ਸਾਫ਼ ਕਰਨੀਆਂ ਅਤੇ ਵਿਛਾਉਣੀਆਂ, ਗੁਰੂ ਦੇ ਦੁਆਰੇ ਦੀ ਸਫ਼ਾਈ ਆਦਿ।

'ਗੁਰਸਿਖ ਭਲਕੇ ਉਠ ਕਰਿ, ਅੰਮ੍ਰਿਤ ਵੇਲੈ ਸਰੁ ਨਾਵੰਦਾ।
ਗੁਰੂ ਕੈ ਬਚਨ ਉਚਾਰਿ ਕੈ, ਧ੍ਰਮ ਸਾਲ ਦੀ ਸੁਰਤਿ ਕਰੰਦਾ।
ਸਾਧ ਸੰਗਤਿ ਵਿਚਿ ਜਾਇ ਕੈ, ਗੁਰਬਾਣੀ ਦੇ ਪ੍ਰੀਤਿ ਸੁਣੰਦਾ।
ਸੰਕਾ ਮਨਹੁ ਮਿਟਾਇ ਕੈ, ਗੁਰਸਿਖਾਂ ਦੀ ਸੇਵ ਕਰੰਦਾ।
ਕਿਰਤ ਵਿਰਤ ਕਰ ਧਰਮੁ ਦੀ, ਲੈ ਪਰਸਾਦ ਆਣਿ ਵਰਤੰਦਾ।
ਗੁਰਸਿਖਾਂ ਨੋ ਦੇਇ ਕਰਿ, ਪਿੱਛੋਂ ਬਚਿਆ ਆਪ ਖਵੰਦਾ।
ਕਲੀਕਾਲ ਪਰਗਾਸ ਕਰਿ, ਗੁਰ ਚੇਲਾ ਚੇਲਾ ਗੁਰ ਸੰਦਾ,
ਗੁਰਮੁਖ ਗਾਡੀ ਰਾਹੁ ਚਲੰਦਾ।' (ਭਾਈ ਗੁਰਦਾਸ, ਵਾਰ ੪੦, ੧੧)

ਗੁਰੂ ਕਾ ਸਿੱਖ ਨਿੱਤ ਦੇ ਨੇਮ ਅਨੁਸਾਰ ਇਨ੍ਹਾਂ ਬਾਣੀਆਂ ਦਾ ਹਰ ਰੋਜ਼ ਪਾਠ ਕਰਦਾ ਹੈ :-

(ੳ) ਅੰਮ੍ਰਿਤ ਵੇਲੇ) ਜਪੁ, ਜਾਪ, ਸਵਯੈ, ਚੌਪਈ ਅਤੇ ਅਨੰਦ ਸਾਹਿਬ)
(ਅ) ਸੰਧਿਆ ਅਥਵਾ ਸੂਰਜ ਡੁਬਣ ਵੇਲੇ- ਸੋਦਰ ਰਹਿਰਾਸ
(ੲ) ਰਾਤ ਨੂੰ ਸੌਣ ਵੇਲੇ -ਸੋਹਲਾ॥

ਅੰਮ੍ਰਿਤ ਵੇਲੇ ਅਤੇ ਸੋਦਰ ਵੇਲੇ ਦੇ ਨਿਤਨੇਮ ਉਪਰੰਤ ਅਰਦਾਸ ਕਰਦਾ ਹੈ। ਹਰ ਨਵੇਂ ਕੰਮ ਸਮੇਂ ਅਤੇ ਹਰ ਖਾਸ ਮੌਕੇ, ਖੁਸ਼ੀ ਤੇ ਗਮੀ ਹਰ ਸਮੇਂ ਗੁਰੂ ਨੂੰ ਹਾਜ਼ਰ ਨਾਜ਼ਰ ਜਾਣਕੇ ਅਰਦਾਸ ਕਰਦਾ ਹੈ,


www.AKJ.Org

'ਅਰਦਾਸ' ਉਸ ਦੀ ਗੁਰੂ ਪਾਸ ਅਰਜ਼ (ਬੇਨਤੀ) ਹੁੰਦੀ ਹੈ ਜਿਸ ਦਵਾਰਾ ਉਹ ਆਪਣੇ ਮਨ ਦੀ ਬਿਰਥਾ ਗੁਰੂ ਅਗੇ ਪਰਗਟ ਕਰਦਾ ਹੈ ਅਤੇ 'ਚੜ੍ਹਦੀ ਕਲਾ' ਅਤੇ ਗੁਰੂ ਦੀ ਬਖਸ਼ਸ਼ ਲਈ ਜਾਚਨਾ ਕਰਦਾ ਹੈ। ਉਸਦਾ ਧੁਰਾ ਕੇਵਲ ''ਸਤਿਗੁਰੂ ਸੱਚਾ ਪਾਤਸ਼ਾਹ'' ਹੈ। ਆਪਣੀ ਹਰ ਮੰਗ ਆਪਣੇ ਗੁਰੂ ਕੋਲੋਂ ਹੀ ਮੰਗਦਾ ਹੈ। ਉਹ ਐਰੇ ਗੈਰੇ ਮਗਰ ਲੇਲ੍ਹਕੜੀਆਂ ਨਹੀਂ ਕਢੱਦਾ ਫਿਰਦਾ, ਆਪਣੀ ਮੰਗ ਗੁਰੂ ਅੱਗੇ ਰੱਖਣ ਤੋਂ ਬਾਅਦ ਉਸ ਦੀ ਰਜ਼ਾ ਵਿਚ ਰਾਜ਼ੀ ਰਹਿੰਦਾ ਹੈ ਅਤੇ ਉਸ ਦੇ ਭਾਣੇ ਵਿਚ ਹੀ ਖੁਸ਼ੀ ਮਨਾਉਂਦਾ ਹੈ। ਗੁਰਸਿਖ ਦਾ ਨਿਸਚਾ ਆਪਣੇ ਗੁਰੂ ਤੇ ਹੀ ਹੈ। ਉਸੇ ਦੀ ਹੀ ਚਾਕਰੀ ਵਿਚ ਉਹ ਤਤਪਰ ਰਹਿੰਦਾ ਹੈ ਅਤੇ ਉਸੇ ਤੇ ਹੀ ਭਰੋਸਾ ਰਖਦਾ ਹੈ।

ਗੁਰੂ ਦਾ ਸਿੱਖ ਧਰਮ ਦੀ ਕਿਰਤ ਕਰਦਾ ਹੈ, ਵੰਡ ਕੇ ਛਕਦਾ ਹੈ ਅਤੇ ਪਰ-ਉਪਕਾਰ ਅਤੇ ਸੇਵਾ ਲਈ ਹਰ ਵੇਲੇ ਤਤਪਰ ਰਹਿੰਦਾ ਹੈ। ਮਨੁੱਖ-ਮਾਤਰ ਦੀ ਸੇਵਾ ਕਰ ਕੇ, ਉਹ ਆਪਣੇ ਗੁਰੂ ਦੀ ਖੁਸ਼ੀ ਹਾਸਲ ਕਰਦਾ ਹੈ। ਉਹ ਸਾਰੇ ਮਨੁੱਖਾ ਨੂੰ ਇਕ ਸਮਾਨ ਸਮਝਦਾ ਹੈ ਅਤੇ 'ਸਰਬੱਤ ਦਾ ਭਲਾ' ਮੰਗਦਾ ਹੈ।

ਗੁਰੂ ਕਾ ਸਿੱਖ ਨਿਤ ਦਿਨ ਹਉਮੈਂ ਦੀ ਅੱਗ ਵਿਚ ਨਹੀਂ ਤਪਦਾ, ਸਗੋਂ ਆਪਣੇ ਹਿਰਦੇ ਨੂੰ ''ਨਾਮ ਬਾਣੀ'' ਦੇ ਅਧਾਰ ਨਾਲ ਠੰਢਾ ਰਖਦਾ ਹੈ। ਗੁਰੂ ਦੀ ਨਦਰਿ ਅਨੁਸਾਰ ਪੰਜਾਂ ਚੋਰਾਂ –ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਨੂੰ ਨਕੇਲ ਪਾ ਕੇ ਆਪਣੇ ਕਾਬੂ ਵਿਚ ਰਖਦਾ ਹੈ ਅਤੇ ਲੋੜ ਅਨੁਸਾਰ ਉਨ੍ਹਾ ਕੋਲੋਂ ਸੇਵਾ ਲੈਂਦਾ ਹੈ।

ਗੁਰੂ ਦਾ ਸਿੱਖ ਸ਼ਰਾਬੀ,• ਕਬਾਬੀ, ਕਾਮੀ, ਕਪਟੀ, ਲੋਭੀ, ਹੰਕਾਰੀ, ਝੂਠਾ, ਚੁਗਲ, ਬੇਈਮਾਨ, ਵੱਢੀ-ਖੋਰ, ਮਖੱਟੂ, ਵੱਢ-ਖਾਣਾ (ਕੌੜ-ਬੋਲਣਾ), ਗਪੌੜੀ, ਵਹਿਮੀ ਭਰਮੀ, ਮਨਮੁਖ ਜ਼ਾਲਮ ਅਤੇ ਧਰੋਹੀ ਨਹੀਂ, ਸਗੋਂ ਜਤੀ, ਸਤੀ, ਤਪੀ, ਸ਼ੀਲ ਸੰਤੋਖੀ, ਸੱਚਾ ਸੁੱਚਾ ਸੰਜਮੀ, ਕਿਰਤੀ, ਗੁਰਮੁਖ, ਦਇਆਵਾਨ, ਮਿੱਠ-ਬੋਲੜਾ ਅਤੇ ਪਰ-ਉਪਕਾਰੀ ਜੀਉੜਾ ਹੈ।

''ਪਿੱਛਲ ਰਾਤੀ ਜਾਗਣਾ, ਨਾਮੁ ਦਾਨੁ ਇਸ਼ਨਾਨ ਦ੍ਰਿੜਾਏ।
ਮਿੱਠਾ ਬੋਲਣ, ਨਿਵ ਚਲਣ, ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ, ਥੋੜਾ ਬੋਲਨੁ ਗੁਰਮਤਿ ਪਾਏ।
ਘਾਲਿ ਖਾਏ ਸੁਕ੍ਰਿਤੁ ਕਰੈ, ਵਡਾ ਹੋਇ ਨ ਆਪੁ ਗਣਾਏ।
ਸਾਧ ਸੰਗਤਿ ਮਿਲਿ ਗਾਵਦੇ, ਰਾਤਿ ਦਿਹੈ ਨਿਤ ਚਲਿ 'ਚਲਿ ਜਾਏ।
ਸ਼ਬਦ ਸੁਰਤਿ ਪਰਚਾ ਕਰੈ, ਸਤਿਗੁਰੂ ਪਰਚੈ ਮਨ ਪਰਚਾਏ।
ਆਸਾ ਵਿਚਿ ਨਿਰਾਸ ਵਲਾਏ।'' (ਭਾਈ ਗੁਰਦਾਸ, ਵਾਰ ੨੮, ਪਉੜੀ ੧੫)

ਗੁਰੂ ਕਾ ਸਿੱਖ ਜਾਦੂ ਟੂਣੇ, ਤੰਤਰ ਮੰਤਰ, ਮੜ੍ਹੀ ਮਸਾਣੀ, ਦੇਵੀ ਦੇਵਤੇ, ਵਰਤ ਸਰਾਧ, ਸੂਤਕ ਪਾਤਕ, ਛੂਤ-ਛਾਤ ਵਹਿਮਾ ਭਰਮਾ ਆਦਿ ਤੇ ਨਿਸਚਾ ਨਹੀਂ ਰਖਦਾ।

ਗੁਰੂ ਕਾ ਸਿੱਖ ਆਪਣੇ ਗੁਰੂ ਦਾ ''ਹੁਕਮੀ ਬੰਦਾ'' ਹੋਣ ਕਰਕੇ ਸਤਿ ਦੇ ਮਾਰਗ ਦਾ ਪਾਂਧੀ ਹੈ, ਉਹ ਪ੍ਰਭੂ ਪ੍ਰਮਾਤਮਾ ਨਾਲ ਲਿਵ ਜੋੜਦਾ ਹੈ ਅਤੇ ਆਪਣੇ ਜੀਵਨ ਨੂੰ ਸਤਿ ਦੀ ਕੁਠਾਲੀ ਵਿਚ ਢਾਲ ਕੇ ਆਪਣੇ ਅੰਦਰ ਨੂੰ ਪਵਿੱਤਰ ਕਰਦਾ ਹੈ। ਉਹ ਆਪਣੇ ਪਿੰਡ (ਸਰੀਰ) ਵਿਚ ਸਤਿ ਦਾ ਦੀਵਾ ਬਾਲਦਾ ਹੈ, ਹਨੇਰਾ ਦੂਰ ਕਰਕੇ ਉਜਲ ਰਹਿੰਦਾ ਹੈ। ਖੋਟ ਕੱਢ ਕੇ ਖਰਾ ਬਣ ਜਾਂਦਾ ਹੈ। ਨਖਾਲਸਤਾ ਦੂਰ ਕਰ ਕੇ ਖਾਲਸ ਅਥਵਾ ''ਖਾਲਸਾ'' ਬਣ ਜਾਦਾ ਹੈ। ਵਿਸ਼ੇ ਵਿਕਾਰਾਂ ਦੀ ਦੁਨੀਆਂ ਵਿਚ ਰਹਿੰਦਾ ਹੋਇਆ ਭੀ ਕੰਵਲ ਫੁੱਲ ਵਾਂਗ ਨਿਰਮਲ ਤੇ ਪਵਿੱਤਰ ਰਹਿੰਦਾ ਹੈ

---


**ਸੂਰਾ ਪੱਤਰ ਹਰ ਮਹੀਨੇ ਬਗੈਰ ਭੇਟਾ ਦੇ ਪ੍ਰਾਪਤ ਕਰੋ**

ਸੂਰਾ ਪੱਤਰ ਹਰ ਮਹੀਨੇ ਆਪਣੇ ਘਰ ਮੰਗਵਾਉਣ ਦੇ ਚਾਹਵਾਨ, ਲੋੜਵੰਦ ਸੱਜਣ ਹੇਠਾਂ ਦਿੱਤੇ ਪਤੇ ਤੇ ਆਪਣਾ ਸਿਰਨਾਵਾ ਭੇਜ ਦੇਣ। ਉਨ੍ਹਾ ਨੂੰ ਬਿਨ੍ਹਾ ਕਿਸੇ ਚੰਦੇ ਦੇ 'ਸੂਰਾ' ਹਰ ਮਹੀਨੇ ਭੇਜਿਆ ਜਾਏਗਾ।

**DIAMOND COPY HOUSE SCF---5 Sec 27-D CHANDIGARH TEL..656614/ 656429/ 653906**
**H.O.136--140/7 INDL. AREA CHANDIGARH 6555 14/ 657503**
**FAX 0172--674063 MOBILE 98140--44587 PH. RESI.609218/ 647 167/ 674462**





www.AKJ.Org

# ਸ੍ਰੀ ਗੁਰੂ ਹਰਿ ਰਾਏ ਜੀ

(ਪ੍ਰਿੰ: ਹਰਭਜਨ ਸਿੰਘ ਜੀ)

ਸ੍ਰੀ ਸਤਿਗੁਰੂ ਹਰਿ ਰਾਇ ਕੇ, ਨਾਇ ਧਿਆਇ ਅਘ ਜਾਇ॥
ਕਰ ਪਦ ਪਰ ਪਰਣਾਮ ਕ, ਜਿਹ ਤੇ ਨਿਧਿ ਸਿਧਿ ਆਇ॥ (ਸ੍ਰੀ ਗੁਰੂ ਨਾਨਕ ਪ੍ਰਕਾਸ)

ਅਰਥ– ਸ੍ਰੀ ਸਤਿਗੁਰੂ ਹਰਿ ਰਾਇ ਜੀ ਦੇ ਨਾਮ ਧਿਆਇਆ ਪਾਪ (ਅਘ) ਨੱਸ ਜਾਂਦੇ ਹਨ, (ਤਾਂ ਤੇ ਹੇ ਮੇਰੇ ਮਨ ! ਉਨ੍ਹਾਂ ਦੇ) ਸ੍ਰੇਸ਼ਟ ਚਰਣਾ ਨੂੰ ਪਰਣਾਮ ਕਰ, ਜਿਸ ਤੋਂ ਤੂੰ ਨੌਂ ਨਿੱਧੀਆ ਤੇ ਅਠਾਰਾ ਸਿੱਧੀਆ ਪ੍ਰਾਪਤ ਕਰੇਂ।

ਜਗਤ ਫੇਰੀ, ਸੰਖੇਪ ਵਿਚ-

ਜਨਮ- ਮਾਘ ਸੁਦੀ 13 (19 ਮਾਘ) ਸੰਮਤ 1686, ਮੁਤਾਬਕ 16 ਜਨਵਰੀ, 1630 (ਸਨਿਚਰਵਾਰ)।

ਜਨਮ ਅਸਥਾਨ–ਸ਼ੀਸ਼ ਮਹਿਲ, ਕੀਰਤਪੁਰ)।

ਪਿਤਾ-ਬਾਬਾ ਗੁਰਦਿੱਤਾ ਜੀ। ਮਾਤਾ- ਸ੍ਰੀ ਨਿਹਾਲ ਕੌਰ ਜੀ (ਅਨੰਤੀ, ਨਤੀ)।

ਗੁਰਿਆਈ- ਕੀਰਤਪੁਰ, ਚੇਤ ਸ਼ੁਦੀ 10, (11ਚੇਤ) ਸੰਮਤ 1701

ਵਿਆਹ- ਅਨੂਪ ਸ਼ਹਿਰ (ਉਤਰ ਪ੍ਰਦੇਸ਼): ਸ੍ਰੀ ਦਇਆ ਰਾਮ ਦੀ ਸਪੁੱਤਰੀ ਸ੍ਰੀ ਮਾਤਾ ਕਿਸ਼ਨ ਕੌਰ (ਸੁਲਖਣੀ) ਜੀ ਨਾਲ, ਹਾੜ ਸੁਦੀ 3, ਸੰਮਤ 1697 ਨੂੰ।

ਸੰਤਾਨ- ਸ੍ਰੀ ਰਾਮ ਰਾਏ ਤੇ ਗੁਰੂ ਹਰਿ ਕ੍ਰਿਸ਼ਨ ਜੀ।

ਸਚ-ਖੰਡ ਵਾਪਸੀ- ਕਤਕ ਵਦੀ 9 (5 ਕਤਕ ਸੰਮਤ 1718) ਐਤਵਾਰ 6 ਅਕਤੂਬਰ ਸੰਨ 1661, ਕੀਰਤਪੁਰ।

## "ਸਿਮਰੌ ਸ੍ਰੀ ਹਰਿ ਰਾਇ"

ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦਾ ਇਹ ਨਿਰਣਾ ਤੇ ਫੈਸਲਾ ਕਰਨਾ ਕਿ ਉਹਨਾਂ ਉਪਰੰਤ ਗੁਰਗੱਦੀ ਦੀ ਜ਼ਿੰਮੇਵਾਰੀ ਅਥਵਾ ਸੰਗਤਾ ਦੀ ਅਗਵਾਈ ਉਹਨਾਂ ਦੇ ਪੋਤੇ-ਸ੍ਰੀ ਹਰਿ ਰਾਇ ਜੀ – ਦੇ ਹੱਥ ਹੋਵੇਗੀ, ਇਸ ਹਕੀਕਤ ਦਾ ਸੂਚਕ ਹੈ ਕਿ ਗੁਰੂ ਹਰਿ ਰਾਏ ਜੀ ਉਹਨਾਂ ਸਾਰੇ ਗੁਣਾਂ ਦੇ ਮਾਲਕ ਸਨ, ਜੋ ਇਕ ਆਦਰਸ਼ਕ ਗੁਰ-ਵਿਅਕਤੀ ਵਿਚ ਹੋਣੇ ਜ਼ਰੂਰੀ ਹਨ।

ਆਪ ਜੀ ਦੀਆਂ ਘਟਨਾਵਾਂ ਤੇ ਵਿਸ਼ੇਸ਼ਤਾਵਾਂ ਸੰਖੇਪ ਵਿਚ ਕੁਝ ਇਉਂ ਸਿਮਰੀਆ ਜਾ ਸਕਦੀਆ ਹਨ -

(1) ਗੁਰਦੇਵ ਜੀ, ਜਿੱਥੇ ਹੋਰ ਸਾਰੇ ਉਚੇ ਆਤਮਕ ਗੁਣਾਂ ਦੇ ਮਾਲਿਕ, ਬਲਵਾਨ ਤੇ ਬੀਰਤਾ ਦੇ ਪੁੰਜ ਸਨ, ਓਥੇ ਹਿਰਦੇ ਦੀ ਕੋਮਲਤਾ ਕਰਕੇ ਵੀ ਪ੍ਰਸਿੱਧ ਸਨ। ਬਾਗ ਵਿਚ ਸੈਰ ਕਰਦਿਆ ਆਪ ਜੀ ਦੇ ਚੋਲੇ ਨਾਲ ਗੁਲਾਬ ਦਾ ਫੁੱਲ ਟੁੱਟ ਜਾਣ, ਅਤੇ ਆਪ ਜੀ ਦੇ ਵੈਰਾਗਵਾਨ ਹੋ ਜਾਂਣ ਦੀ ਵਾਰਤਾ, ਉਹਨਾ ਦੇ ਜੀਵਨ ਦੀ ਇਕ ਅਭੁੱਲ ਤੇ ਪੱਥ-ਪ੍ਰਦਰਸ਼ਕ ਘਟਨਾ ਹੈ। ਉਸ ਸਮੇਂ ਛੇਵੇਂ ਗੁਰਦੇਵ ਦਾ ਆਪ ਜੀ ਨੂੰ ਇਹ ਕਹਿਣਾ ਕਿ "ਜੇ ਅਜਿਹਾ ਜਾਮਾ ਪਾਈਏ ਜੋ ਫੈਲਕੇ ਕੋਮਲ ਵਸਤਾ ਨੂੰ ਹਾਨੀ ਪਹੁੰਚਾ ਸਕਦਾ ਹੋਵੇ, ਤਾ ਉਸਨੂੰ ਸੰਭਾਲ ਕੇ ਰੱਖਣ ਦੀ ਵੀ ਲੋੜ, ਹੁੰਦੀ ਹੈ" ਤਾਕਤ ਦੀ ਸਹੀ ਵਰਤੋਂ ਕਰਨ ਵੱਲ ਇਕ ਵਿਸ਼ੇਸ਼ ਸੰਕੇਤ ਸੀ।

(2) ਆਪ ਜੀ ਦੇ ਵਿਆਹ ਬਾਰੇ ਇਹ ਇਕ ਨਿਰਮੂਲ ਵਾਰਤਾ ਪ੍ਰਚੱਲਤ ਹੈ ਕਿ ਆਪ ਜੀ ਨੇ ਇਕੋ ਥਿੱਤ ਤੇ ਤ੍ਰੀਕ ਨੂੰ, ਭਾਈ ਦਇਆ ਰਾਮ ਦੀਆਂ ਸੱਤਾਂ ਧੀਆ ਨਾਲ ਵਿਆਹ ਕਰਵਾਇਆ ਸੀ। ਇਸ ਘਟਨਾ ਦਾ ਨਾ ਕੇਵਲ ਸੂਰਜ ਪ੍ਰਕਾਸ਼ ਤੇ ਮਹਿਮਾ ਪ੍ਰਕਾਸ਼ ਆਦਿ ਪ੍ਰਾਚੀਨ ਗ੍ਰੰਥਾ ਵਿਚ ਉੱਕਾ ਹੀ ਅਭਾਵ ਹੈ, ਮਗੋਂ ਪਰਖ ਪੜਚੋਲ ਦੀ ਕਸਵਟੀ ਉੱਤੇ ਵੀ ਇਹ ਕਹਾਣੀ ਪੂਰੀ ਨਹੀ ਉਤਰਦੀ। ਭਲਾ, ਜੇ ਸੱਤਾ ਧੀਆ ਨਾਲ ਇੱਕੋ ਦਿਨ ਸ਼ਾਦੀ ਹੋਣਾ ਮੰਨ ਵੀ ਲਿਆ ਜਾਵੇ ਤਾਂ ਸਭ ਤੋਂ ਛੋਟੀ ਲੜਕੀ ਦੀ ਉਮਰ ਉਸ ਵੇਲੇ ਸਾਲ ਕੁ ਦੀ ਬਣੇਗੀ। ਅਜਿਹਾ ਹੋਣਾ ਆਪਣੀ ਜਾਤ ਵਿਚ ਹੀ ਇਕ ਹਾਸੋਹੀਨ, ਨਿਰਾਧਾਰ ਘਟਨਾ ਤੇ ਕਪੋਲ ਕਲਪਣਾ ਹੈ।

(3) ਆਪ ਜੀ ਨੇ "ਗੁਰੂ ਕੇ ਲੰਗਰ" ਦੀ ਮਰਯਾਦਾ ਨੂੰ ਸਿੱਖਾਂ ਦੇ ਘਰਾ ਤੱਕ ਪਹੁੰਚਾਇਆ ਅਤੇ ਇਸ ਨੂੰ ਸਿੱਖਾ ਦੀ ਰਹਿਣੀ ਦਾ ਇਕ ਅਹਿਮ ਅੰਗ ਦੱਸਿਆ।



www.AKJ.Org

ਸ੍ਰੀ ਗੁਰੂ ਜੀ ਨੇ ਉਹੀ. ``ਲੰਗਰ`` ਸਹੀ ਤੇ ਸਫਲ ਦੱਸਿਆ ਜੋ ਹਰ ਸਮੇਂ ਪ੍ਰਾਣੀ-ਮਾਤ੍ਰ ਲਈ ਵਰਤੇ. ਅਤੇ ਇਉਂ ਕਰਕੇ. ``ਘਰ ਘਰ ਅੰਦਰ ਧਰਮ ਸਾਲ`` ਤੇ ਨਾਲ. ਘਰ ਘਰ ਅੰਦਰ ਗੁਰੂ ਕੇ ਲੰਗਰ ਦੀ ਪ੍ਰਥਾ ਨੂੰ ਜੋੜਿਆ ਤੇ ਪਰਪੱਕ ਕੀਤਾ।

(4) ਗੁਰਿਆਈ ਬਖਸ਼ਣ ਸਮੇਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਆਪ ਜੀ ਨੂੰ ਆਗਿਆ ਕੀਤੀ ਸੀ ਕਿ ``ਫੌਜ ਰੱਖਣੀ ਪਰ ਲੜਨਾ ਨਹੀਂ``। ਸੋ. 2200 ਸੂਰਬੀਰ ਹਮੇਸ਼ਾ ਆਪ ਜੀ ਦੇ ਹਮ-ਰਕਾਬ ਰਹੇ। ਨਿਰਭੈਤਾ ਅਤੇ ਨੀਤੀ ਦਾ ਇਹ ਆਲਮ ਸੀ ਕਿ ਜਾਨ ਦੀ ਖਾਤਰ. ਭੱਜੇ ਜਾਂਦੇ ਦਾਰਾ ਸ਼ਕੋਹ ਦੀ ਬੇਨਤੀ ਮੰਨ ਕੇ. ਤੇ ਪੱਤਨ ਦੀਆ ਸਾਰੀਆ ਬੇੜੀਆਂ ਨੂੰ ਆਪਣੇ ਕਾਬੂ ਕਰਕੇ. ਉਸਦੀ ਸਹਾਇਤਾ ਵੀ ਕੀਤੀ. ਅਤੇ ਸ਼ਾਹੀ ਸੈਨਾ ਨਾਲ ਸਿੱਧੀ ਟੱਕਰ ਟਾਲ ਕੇ ``ਬਾਬਾ ਗੁਰੂ`` ਜੀ ਦੀ ਆਗਿਆ ਦਾ ਪਾਲਨ ਵੀ ਕੀਤਾ।

(5) ਤਨ ਤੇ ਮਨ ਦਾ ਆਪਸ ਵਿਚਲੀ ਗੂੜ੍ਹਾ ਸੰਬੰਧ ਹੈ। ਸੋ. ਆਪ ਜੀ. ਜਿਥੇ ਲੋਕ-ਮਨਾ ਨੂੰ ਨਾਮ ਦਾਨ ਦੇ ਕੇ ਅਰੋਗ ਤੇ ਸੁਖੀ ਕਰਦੇ. ਉਥੇ ਰੋਗੀਆ ਦੇ ਤਨਾ ਦੇ ਰੋਗ ਵੀ ਦੂਰ ਕਰਦੇ। ਇਸ ਸਮਾਜਕ ਸੇਵਾ ਲਈ ਆਪ ਜੀ ਨੇ ਇਕ ਵੱਡਾ ਦਵਾਖਾਨਾ ਖੋਲ੍ਹ ਰੱਖਿਆ ਸੀ. ਜਿੱਥੇ ਹਰ ਸਮੇਂ ਅਤਿ ਕੀਮਤੀ ਤੇ ਦੁਰਲਭ ਦਵਾਈਆ ਮਿਲਦੀਆ ਸਨ। ਇਕ ਵੇਰ ਸ਼ਾਹ ਜਹਾਨ ਨੂੰ ਜਦ. ਦਾਰਾ ਸ਼ਕੋਹ ਦੀ ਅਰੋਗਤਾ ਲਈ. ਖਾਸ ਕਿਸਮ ਤੇ ਵਜਨ ਦੀ ਹਰੜ ਤੇ ਲੋਂਗਾ ਦੀ ਲੋੜ ਪਈ. ਤਾ ਬਾਦਸ਼ਾਹ ਦੇ. ਵੱਡੀ ਝਿਜਕ ਉਪ੍ਰੰਤ. ਆਖਰ ਲਾਚਾਰੀ ਵਿੱਚ. ਮੰਗਣ ਉਤੇ ਆਪ ਜੀ ਨੇ ਬਿਨਾ ਕਿਸੇ ਵੱਟ ਵਿਰੋਧ ਵਿਚਾਰੇ ਦੇ. ਸ਼ਾਹ ਨੂੰ ਇਹ ਵਸਤਾ ਤੁਰੰਤ ਭੇਜ ਦਿੱਤੀਆ। ਜਦ. ਦਾਰਾ ਸ਼ਕੋਹ ਰਾਜ਼ੀ ਹੋ ਜਾਣ ਉਪ੍ਰੰਤ. ਦਰਸ਼ਨਾ ਲਈ. ਕੀਰਤਪੁਰ ਸਾਹਿਬ. ਧੰਨਵਾਦ ਵਜੋਂ ਚੱਲ ਕੇ ਆਇਆ. ਤਾ ਆਪ ਜੀ ਦਾ ਸ਼ੁਭ ਉਪਦੇਸ਼ ਸੁਣ ਕੇ ਅਤੇ ਸਿੱਖਾ ਦੀ ਰਹਿਣੀ ਬਹਿਣੀ ਵੇਖ ਕੇ. ਡਾਢਾ ਪ੍ਰਭਾਵਤ ਹੋਇਆ।

(6) ਸ੍ਰੀ ਸਤਿਗੁਰ ਜੀ ਦੇ ਜੀਵਨ ਵਿਚ ਮਹਾਨ. ਅਦੁੱਤੀ ਤੇ ਚਮਤਕਾਰੀ ਘਟਨਾ ਉਸ ਵੇਲੇ ਵਾਪਰੀ. ਜਦ ਆਪ ਜੀ ਨੇ ਆਪਣੇ ਵੱਡੇ ਸਾਹਿਬਜ਼ਾਦੇ-ਰਾਮ ਰਾਏ–ਨੂੰ. ਬਾਦਸ਼ਾਹ ਦੀ ਖੁਸ਼ਾਮਦ ਵਿਚ ਆ ਕੇ. ਜਾਣਦਿਆ ਬੁਝਦਿਆ. ਗੁਰਬਾਣੀ ਦਾ ਇਕ ਸ਼ਬਦ– ``ਮੁਸਲਮਾਨ ਦੀ ਥਾ ``ਬੇਈਮਾਨ`` -ਬਦਲਣ ਕਾਰਨ. ਮੂੰਹ ਨਾ ਲਾਇਆ. ਅਤੇ ਸਦਾ ਸਦਾ ਲਈ ਤਿਆਗ ਦਿੱਤਾ। ਅਸੂਲ-ਪ੍ਰਸਤੀ ਦੀ ਇਹ ਘਟਨਾ ਦੱਸਦੀ ਹੈ ਕਿ ਸਤਿਗੁਰੂ ਜੀ ਦੇ ਦਿਲ ਵਿਚ ਪਹਿਲੇ ਸਤਿਗੁਰੂਆ. ਗੁਰਬਾਣੀ ਅਥਵਾ ਸ਼ਬਦ ਦਾ ਕਿੱਡਾ ਵੱਡਾ ਸਤਿਕਾਰ ਸੀ। ਇਕ ਵੇਰ ਇਕ ਸਿੱਖ ਦਾ ਜਪੁਜੀ ਦਾ ਪਾਠ ਕਰਦਿਆ ਆਪ ਜੀ ਦੇ ਪਾਸ ਆਉਣਾ. ਅਤੇ ਆਪ ਜੀ ਦਾ ਗੁਰਬਾਣੀ ਦੇ ਸਤਿਕਾਰ ਹਿੱਤ ਕਾਹਲੀ ਵਿਚ ਪਲੰਘ ਤੋਂ ਉਠਣਾ ਤੇ ਗੋਡੇ ਉਤੇ ਸੱਟ ਲਵਾ ਲੈਣਾ ਵੀ. ਉਨ੍ਹਾ ਦੇ ਦਿਲ ਅੰਦਰ ਗੁਰਬਾਣੀ ਦੀ ਮਹਾਨਤਾ ਤੇ ਪਰਮ ਸਤਿਕਾਰ ਦਾ ਲਖਾਇਕ ਹੈ।

(7) ਬਾਬਾ ਗੁਰਦਿੱਤਾ ਜੀ ਨੇ. ਬਾਬਾ ਸ੍ਰੀ ਚੰਦ ਜੀ ਦੇ ਸ਼ਿਸ਼ ਬਣਨ ਮਗਰੋਂ ਸਿੱਖ ਪ੍ਰਚਾਰ ਲਈ ਚਾਰ ਕੇਂਦਰ (ਧੂਏਂ) ਥਾਪੇ ਸਨ। ਸ੍ਰੀ ਗੁਰੂ ਜੀ ਨੇ ਏਸੇ ਮਨੋਰਥ ਲਈ ਤਿੰਨ ਬਖਸ਼ਸ਼ਾ ਹੋਰ ਥਾਪੀਆ। ਇਹ ਸਨ–ਸੁਥਰੇ ਸ਼ਾਹੀ. ਭਗਤ ਭਗਵਾਨੀਏ ਅਤੇ ਸੰਗਤਿ ਸਾਹਿਬੀਏ। ਇਹਨਾ ਬਖਸ਼ਸ਼ਾਂ ਤੋਂ ਛੁੱਟ ਗੁਰੂ ਜੀ ਨੇ ਇਹ ਚਾਰ. ਹੋਰ ਮਸੰਦ ਵੀ. ਨੀਅਤ ਕੀਤੇ: ਭਾਈ ਬਹਿਲੋ. ਭਾਈ ਭੂੰਦੜ. ਭਾਈ ਪੰਜਾਬ ਤੇ ਭਾਈ ਭਗਤੂ।

(8) ਕਾਲੇ ਦੇ ਭਤੀਜੇ ਫੂਲ ਨੂੰ ਛੇਵੀਂ ਪਾਤਸ਼ਾਹੀ ਨੇ ਸੰਮਤ 1688 ਵਿੱਚ. ਗੁਰੂ ਸਰ ਦੀ ਜੰਗ ਪਿਛੋਂ ਵਰ ਦਿੱਤਾ ਸੀ। ਓਸੇ ਵਰ ਦੀ ਪੁਸ਼ਟੀ ਕਰਦਿਆਂ ਹੋਇਆ ਆਪ ਜੀ ਨੇ ਫੂਲ ਨੂੰ ਮਹਿਰਾਜ ਵਿਖੇ ਵਰ (ਸ੍ਰੀ ਸਤਿਗੁਰ ਕੀ ਸਭਾ ਮੇ. ਫੂਲ ਜਾਇਕੇ ਆਜ. ਕੇਵਲ ਪੇਟ ਬਜਾਇਕੇ. ਲੀਨੋ ਦੇਸਨ ਰਾਜ।`` -(ਭਾ. ਕਾਨ੍ਹ ਸਿੰਘ) ਦਿੱਤਾ. ਜਿਸ ਦੇ ਫਲ-ਸਰੂਪ ਪਟਿਆਲਾ. ਨਾਭਾ ਤੇ ਜੀਂਦ ਦੀਆ ਫੂਲਕੀਆ ਰਿਆਸਤਾ ਹੋਂਦ ਵਿਚ ਆਈਆ।

(9) ਆਪ ਜੀ ਦਾ ਆਪਣੇ ਪੰਜ ਕੁ ਸਾਲ ਦੇ ਛੋਟੇ ਸਾਹਿਬਜ਼ਾਦੇ-ਸ੍ਰੀ ਹਰਿ ਕ੍ਰਿਸ਼ਨ ਜੀ- ਨੂੰ ਗੁਰ-ਗੱਦੀ ਦਾ ਵਾਰਸ ਨਿਯੱਤ ਕਰਨਾ ਧਾਰਮਿਕ ਸੰਸਾਰ ਵਿੱਚ ਇਕ ਐਸੀ ``ਬਜ਼ੁਰਗੀ ਬ-ਅਕਲ. ਨ ਬਸਾਲ.`` ਦਾ ਸੱਚ-ਪ੍ਰਗਟਾਊ. ਅਲੌਕਿਕ ਘਟਨਾ ਸੀ. ਜੋ ਹੱਕ-ਸ਼ਨਾਸ ਤੇ ਰੂਹਾਨੀ ਮੰਜ਼ਲਾ ਦੀਆ ਰਮਜ਼ਾ ਨੂੰ ਸਮਝਣ ਵਾਲੇ ਉੱਚੇਰੇ ਲੋਕਾ ਲਈ ਸੰਤੋਖ-ਜਨਕ ਤੇ ਪੱਥ-ਪ੍ਰਦਰਸ਼ਕ ਸਿੱਧ ਹੋਵੇਗੀ. ਅਤੇ ਉਹ ਸਦਾ ਬੇ-ਸਾਖਤਾ ਗੁਨ ਗੁਨਾ ਉਠਣਗੇ-

ਅਰਜੁਨ. ਹਰਿ ਗੋਬਿੰਦ ਨੂੰ ਸਿਮਰੌ ਸ੍ਰੀ ਹਰਿ ਰਾਇ॥



www.AKJ.Org

# ਭਗਤ ਰਵਿਦਾਸ ਜੀ : ਸਮਾਜਕ-ਰਾਜਨੀਤਕ-ਵਿਚਾਰਧਾਰਾ

ਡਾ: ਗੁਰਸ਼ਰਨ ਜੀਤ ਸਿੰਘ

ਇਹ ਗੱਲ ਠੀਕ ਹੈ ਕਿ ਭਗਤ ਰਵਿਦਾਸ ਜੀ ਮੁੱਖ ਰੂਪ ਵਿਚ ਅਧਿਆਤਮਕ ਪੁਰਸ਼ ਸਨ। ਫਿਰ ਵੀ, ਉਨ੍ਹਾ ਦੀ ਸਮੁੱਚੀ ਬਾਣੀ ਦਾ ਅਧਿਐਨ ਕੀਤਿਆ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਸਮਾਜਕ ਮੁਕਤੀ ਉਨ੍ਹਾ ਦਾ ਇਕ ਮੁੱਖ ਨਿਸ਼ਾਨਾ ਸੀ। ਇਸੇ ਕਾਰਣ ਭਗਤ ਰਵਿਦਾਸ ਜੀ ਲਿਤਾੜੇ ਅਤੇ ਦੀਨ-ਦੁਖੀ ਲੋਕਾ ਦੇ ਮਸੀਹਾ ਬਣ ਗਏ। ਆਪ ਜੀ ਦੀ ਬਾਣੀ ਵਿਚੋਂ ਕ੍ਰਾਤੀ ਅਤੇ ਸੰਘਰਸ਼ ਦੀ ਪ੍ਰੇਰਨਾ ਮਿਲਦੀ ਹੈ। ਇਸੇ ਲਈ ਆਪ ਜੀ ਦੀ ਬਾਣੀ ਨੂੰ ਸਿੱਖ ਗੁਰੂ ਸਾਹਿਬਾਨ ਨੇ ਸਤਿਕਾਰ ਦਿੱਤਾ ਹੈ। ਸਿੱਖ ਲਹਿਰ ਵੀ ਆਪਣੇ ਖਾਸੇ ਵਿਚ ਪਛੜੇ ਤੇ ਸ਼ੋਸ਼ਿਤ ਲੋਕਾ ਦੀ ਆਜ਼ਾਦੀ ਚਾਹੁਣ ਵਾਲੀ ਲਹਿਰ ਹੈ। ਭਗਤ ਰਵਿਦਾਸ ਜੀ ਨੇ ਤੇ ਹੋਰ ਭਗਤਾਂ ਨੇ ਜਿਹੜੀ ਲਹਿਰ ਚਲਾਈ, ਸਿੱਖ ਗੁਰੂ ਸਾਹਿਬਾਨ ਨੇ ਉਸ ਲਹਿਰ ਨੂੰ ਵਧੇਰੇ ਵਿਗਿਆਨਕ ਅਤੇ ਸੁਚਾਰੂ ਰੂਪ ਵਿਚ ਨਿਰੰਤਰਤਾ ਦਿੱਤੀ। ਇਹੀ ਕਾਰਣ ਸੀ ਕਿ ਨੀਵੀਆ ਸ਼੍ਰੇਣੀਆ ਦੇ ਕਿਰਤੀ ਲੋਕ, ਇਕ ਆਸਾ ਲੈ ਕੇ ਬੜੀ ਤੇਜ਼ੀ ਨਾਲ ਸਿੱਖ ਲਹਿਰ ਵਿਚ ਸ਼ਾਮਲ ਹੋ ਗਏ। ਗੁਰੂ ਸਾਹਿਬਾਨ ਨੇ ਇਨ੍ਹਾ ਸਭਨਾ ਨੂੰ ਬਰਾਬਰੀ ਦਿੱਤੀ ਤੇ ਇਨ੍ਹਾ ਵਿਚੋਂ ਕਈਆ ਨੇ ਬਾਅਦ ਵਿਚ ਰਾਜ ਵੀ ਕੀਤਾ।

ਭਗਤ ਰਵਿਦਾਸ ਜੀ ਨੇ ਪਹਿਲਾ ਪ੍ਰਚਲਿਤ ਧਾਰਮਿਕ ਸੰਸਥਾਵਾ ਨੂੰ ਪੂਰੀ ਤਰ੍ਹਾ ਰੱਦ ਕਰ ਦਿੱਤਾ। ਉਨ੍ਹਾ ਨੇ ਇਕ ਪ੍ਰਮਾਤਮਾ ਦੀ ਹੀ ਬੰਦਗੀ ਦਾ ਉਪਦੇਸ਼ ਦਿੱਤਾ। ਉਨ੍ਹਾ ਨੇ ਪੂਰਵ ਪ੍ਰਚਲਤ ਸਾਰੇ ਹਿੰਦੂ ਧਰਮ ਗ੍ਰੰਥਾ ਨੂੰ ਗੈਰ -ਪ੍ਰਸੰਗਿਕ ਸਮਝ ਕੇ, ਰਦ ਕਰ ਦਿੱਤਾ। ਭਗਤ ਜੀ ਨੇ ਬ੍ਰਾਹਮਣਵਾਦੀ ਵਿਚਾਰਧਾਰਾ ਦੀ ਜੜ੍ਹ ਜਾਤ-ਪ੍ਰਥਾ ਉੱਪਰ ਜ਼ੋਰਦਾਰ ਹਮਲਾ ਕੀਤਾ। ਭਗਤ ਜੀ ਅਖੌਤੀ ਚਮਾਰ ਜਾਤੀ ਨਾਲ ਸੰਬੰਧਿਤ ਸਨ। ਅਛੂਤਾ ਦੀ ਦਸ਼ਾ, ਸ਼ੂਦਰਾ ਤੋਂ ਵੀ ਬਦਤਰ ਸੀ। ਪਰ, ਰਵਿਦਾਸ ਜੀ ਨੂੰ ਆਪਣੇ ਅਛੂਤ ਹੋਣ 'ਤੇ ਕਈ ਅਫਸੋਸ ਨਹੀਂ ਸੀ ਤੇ ਨਾ ਹੀ ਹੀਣ-ਭਾਵਨਾ ਸੀ। ਉਹ ਪੁਕਾਰ ਕੇ ਦੱਸਦੇ ਹਨ :

(ੳ) ਰਾਜਾ ਰਾਮ ਕੀ ਸੇਵ ਨ ਕੀਨੀ ਕਹਿ ਰਵਿਦਾਸ ਚਮਾਰਾ॥ (ਪੰਨਾ ੪੮੬)

(ਅ) ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ॥ (ਪੰਨਾ ੩੪੬)

ਜਨਮ ਲੈਣਾ, ਕਿਸੇ ਦੇ ਆਪਣੇ ਵੱਸ ਵਿਚ ਨਹੀਂ, ਤਾ ਫਿਰ ਨੀਵੀਂ ਜਾਤ ਵਿਚ ਪੈਦਾ ਹੋਣ ਲਈ ਦਿਲ ਕਿਉਂ ਛੋਟਾ ਕੀਤਾ ਜਾਵੇ ? ਕਿਰਤ ਜੇਕਰ ਨੇਕ ਹੋਵੇ ਜਾਂ ਕਿਰਤ ਕੋਈ ਵੀ ਹੋਵੇ, ਇਸ ਤੋਂ ਹੀਣ-ਭਾਵਨਾ ਨਹੀਂ ਹੋਣੀ ਚਾਹੀਦੀ। ਕੰਮ ਵੱਡਾ ਛੋਟਾ ਨਹੀਂ ਹੁੰਦਾ। ਇਸ ਤੋਂ ਕੰਮ ਠੀਕ ਜਾ ਗਲਤ ਹੁੰਦਾ ਹੈ। ਜੋ ਕਿ ਮਨੁੱਖ ਦੀ ਇਮਾਨਦਾਰੀ ਉੱਪਰ ਨਿਰਭਰ ਕਰਦਾ ਹੈ। ਭਗਤ ਜੀ ਮ੍ਰਿਤਕ ਪਸ਼ੂ ਤੇ ਪਿੰਜਰ ਢੋਣ ਦਾ ਕੰਮ ਕਰਦੇ ਸਨ। ਇਸ ਦੀ ਜਾਣਕਾਰੀ ਉਨ੍ਹਾ ਆਪ ਦਿੱਤੀ :

ਜਾ ਕੇ ਕੁਟੰਬ ਕੇ ਢੇਢ ਸਭ ਢੋਰ ਢੋਵੰਤ ਫਿਰਹਿ...... (ਪੰਨਾ ੧੨੯੩)

ਭਗਤ ਰਵਿਦਾਸ ਜੀ ਨੇ ਹਿੰਦੂਆਂ ਦੀ ਜਾਤ-ਪ੍ਰਥਾ ਨੂੰ ਅ-ਬਦਲ ਨਹੀਂ ਮੰਨਿਆ। ਉਨ੍ਹਾ ਦਾ ਵਿਚਾਰ ਹੈ ਕਿ ਪ੍ਰਮਾਤਮਾ ਪਾਉਣ ਲਈ ਇਸ ਫਜ਼ੂਲ ਦੀ ਪ੍ਰਥਾ ਦਾ ਕੋਈ ਥਾ ਨਹੀ :

ਮੇਟੀ ਜਾਤਿ ਹੂਏ ਦਰਬਾਰਿ॥ (ਪੰਨਾ ੮੭੫)

ਰਵਿਦਾਸ ਜੀ ਨੇ ਕਥਿਤ ਛੋਟੀਆਂ ਜਾਤਾ ਦੇ ਲੋਕਾ ਨੂੰ ਝੰਜੋੜਿਆ ਅਤੇ ਸਮਝਾਇਆ ਕਿ ਛੋਟੀ ਜਾਤ ਵਾਲੇ, ਬਾਲਮੀਕ ਜੀ, ਰਾਮ ਜੀ ਦੀ ਭਗਤੀ ਕਾਰਣ, ਚੰਡਲ, ਕ੍ਰਿਸ਼ਨ ਨਾਲ ਪ੍ਰੇਮ ਕਰਕੇ ਅਤੇ ਅਜਾਮਲ ਜੇਹੇ ਹਰੀ ਦੀ ਸ਼ਰਨ ਵਿਚ ਜਾਣ ਕਰਕੇ, ਪ੍ਰਭੂ ਦੇ ਦਰਬਾਰ ਵਿਚ ਸਵੀਕਾਰ ਹੋ ਸਕਦੇ ਹਨ ਤਾ ਤੁਸੀਂ ਕਿਉਂ ਪ੍ਰਵਾਨ ਨਹੀਂ ਹੋਵੋਗੇ !

ਰੇ ਚਿਤ ਚੇਤਿ ਚੇਤ ਅਚੇਤ॥ ਕਾਹੇ ਨ ਬਾਲਮੀਕਹਿ ਦੇਖ॥
ਕਿਸੁ ਜਾਤਿ ਤੇ ਕਿਹ ਪਦਹਿ ਅਮਰਿਓ ਰਾਮ ਭਗਤਿ ਬਿਸੇਖ॥੧॥ਰਹਾਉ॥
ਸੁਆਨ ਸਤ੍ਰੁ ਅਜਾਤੁ ਤੇ ਕ੍ਰਿਸਨ ਲਾਵੈ ਹੇਤੁ॥ ਲੋਗੁ ਬਪੁਰਾ ਕਿਆ ਸਰਾਹੈ ਤੀਨਿ ਲੋਕ ਪ੍ਰਵੇਸ॥੨॥
ਅਜਾਮਲੁ ਪਿੰਗੁਲਾ ਲੁਭਤੁ ਕੁੰਚਰੁ ਗਏ ਹਰਿ ਕੈ ਪਾਸਿ॥



www.AKJ.Org

ਐਸੇ ਦੁਰਮਤਿ ਨਿਸਤਰੇ ਤੂ ਕਿਉ ਨ ਤਰਹਿ ਰਵਿਦਾਸ॥੩॥ (ਪੰਨਾ ੧੧੨੪)

ਪ੍ਰਮਾਤਮਾ ਲਈ ਸਭ ਬਰਾਬਰ ਹਨ :

ਊਚ ਨੀਚ ਤੁਮ ਤੇ ਤਰੇ ਆਲਜੁ ਸੰਸਾਰੁ॥੨॥ (ਪੰਨਾ ੮੫੮)

ਭਗਤ ਜੀ ਨੇ ਨੀਵੇਂ ਤੋਂ ਉੱਚੇ ਹੋਣ ਦੀ ਵਿਧੀ ਦਸਦਿਆ ਲਿਖਿਆ ਹੈ :

ਤੁਮ ਚੰਦਨ ਹਮ ਇਰੰਡ ਬਾਪੁਰੇ ਸੰਗਿ ਤੁਮਾਰੇ ਬਾਸਾ॥
ਨੀਚ ਰੂਖ ਤੇ ਊਚ ਭਏ ਹੈ ਗੰਧ ਸੁਗੰਧ ਨਿਵਾਸਾ॥ (ਪੰਨਾ ੪੮੬)

ਭਗਤ ਰਵਿਦਾਸ ਜੀ ਨੇ ਸ਼ੋਸ਼ਿਤ ਅਤੇ ਅਪਮਾਨਿਤ ਵਰਗਾ ਨੂੰ ਦੱਸਿਆ ਕਿ ਜਾਤ-ਪਾਤ ਕਿਸੇ ਮਨੁੱਖ ਦੀ ਅਧਿਆਤਮਕ ਜਾ ਸਮਾਜਕ ਉੱਨਤੀ ਨੂੰ ਪ੍ਰਭਾਵਿਤ ਨਹੀਂ ਕਰ ਸਕਦੀ। ਭਗਤ ਰਵਿਦਾਸ ਜੀ ਦੇ ਇਨ੍ਹਾਂ ਵਿਚਾਰਾ ਨੇ ਹੇਠਲੀਆਂ ਸ਼੍ਰੇਣੀਆ ਦੇ ਲੋਕਾਂ ਵਿਚ ਮੁਕਤ ਹੋਣ ਦੀ ਇੱਛਾ ਨੂੰ ਪ੍ਰਚੰਡ ਕੀਤਾ। ਭਗਤ ਜੀ ਨੇ ਦਲਿਤਾਂ ਨੂੰ ਸਮਾਜ ਪਰਿਵਰਤਨ ਦਾ ਸੂਤਰ ਦਿੰਦਿਆ ਲਿਖਿਆ ਹੈ :

ਨਾਗਰ ਜਨਾਂ ਮੇਰੀ ਜਾਤਿ ਬਿਖਿਅਤ ਚੰਮਾਰੰ॥ਰਿਦੈ ਰਾਮ ਗੋਬਿੰਦ ਗੁਨ ਸਾਰੰ॥੧॥ ਰਹਾਉ॥
ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ ਸੰਤ ਜਨ ਕਰਤ ਨਹੀ ਪਾਨੰ॥
ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥੧॥
ਤਰ ਤਾਰਿ ਅਪਵਿਤ੍ਰ ਕਰਿ ਮਾਨੀਐ ਰੇ ਜੈਸੇ ਕਾਗਰਾ ਕਰਤ ਬੀਚਾਰੰ॥
ਭਗਤਿ ਭਾਗਉਤੁ ਲਿਖੀਐ ਤਿਹ ਊਪਰੇ ਪੂਜੀਐ ਕਰਿ ਨਮਸਕਾਰੰ॥੨॥
ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ ਨਿਤਹਿ ਬਾਨਾਰਸੀ ਆਸ ਪਾਸਾ॥
ਅਬ ਬਿਪ੍ਰ ਪਰਧਾਨ ਤਿਹਿ ਕਰਹਿ ਡੰਡਉਤਿ ਤੇਰੇ ਨਾਮ ਸਰਣਾਇ ਰਵਿਦਾਸੁ ਦਾਸਾ॥੩॥(ਪੰਨਾ ੧੨੯੩)

ਜਿਵੇਂ ਸ਼ਰਾਬ ਤਾਂ ਅਪਵਿੱਤਰ ਹੈ, ਪਰ ਇਸ ਨੂੰ ਗੰਗਾ ਵਿਚ ਮਿਲਾ ਦੇਈਏ ਤਾ ਇਸ ਨਾਲ ਗੰਗਾ ਅਪਵਿੱਤਰ ਨਹੀਂ ਹੁੰਦੀ, ਇਸੇ ਤਰ੍ਹਾਂ ਤਾੜ ਦਾ ਦਰਖ਼ਤ ਅਪਵਿੱਤਰ ਮੰਨਿਆ ਜਾਦਾ ਹੈ ਪਰ ਇਸ ਤੋਂ ਬਣੇ ਕਾਗਜ਼ ਉੱਪਰ ਪ੍ਰਭੂ-ਗੀਤ ਲਿਖੇ ਜਾਂਦੇ ਹਨ। ਭਗਤ ਜੀ ਦੱਸਦੇ ਹਨ ਕਿ ਭਾਵੇਂ ਉਨ੍ਹਾਂ ਦਾ ਜਨਮ ਨੀਵੀ ਮੰਨੀ ਜਾਣ ਵਾਲੀ ਜਾਤ ਦੇ ਘਰ ਹੋਇਆ, ਪਰ ਪ੍ਰਭੂ ਦੇ ਨਾਮ ਦਾ ਜਾਪ ਕਰਨ ਨਾਲ ਵੱਡੇ ਵੱਡੇ ਬ੍ਰਾਹਮਣ ਵੀ ਉਨ੍ਹਾ ਨੂੰ ਨਮਸਕਾਰ ਕਰਦੇ ਹਨ। ਇਨ੍ਹਾ ਬਚਨਾ ਨੇ ਜਿੱਥੇ ਉੱਚੀਆ ਸ੍ਰੇਣੀਆਂ ਦੇ ਲੋਕਾਂ ਨੂੰ ਮਾਨਵਤਾ ਦਾ ਪਾਠ ਪੜ੍ਹਾਇਆ, ਉਥੇ ਦਲਿਤ ਸ਼੍ਰੇਣੀਆਂ ਨੂੰ ਭੀ 'ਕੁਝ ਕਰਨ' ਦੀ ਪ੍ਰੇਰਨਾ ਦਿੱਤੀ। ਇਸ ਸਿਖਿਆ ਨਾਲ ਇਨ੍ਹਾਂ ਵਰਗਾਂ ਵਿਚੋਂ ਹੀਣ-ਭਾਵਨਾ ਖ਼ਤਮ ਹੋਣ ਲੱਗੀ ਤੇ ਉਨ੍ਹਾਂ ਨੂੰ ਸਮਾਜਿਕ-ਮੁਕਤੀ ਦੀ ਚੇਤਨਾ ਮਿਲੀ।

## ਰਾਜਨੀਤਕ

ਹਾਲਾ, ਭਗਤ ਰਵਿਦਾਸ ਜੀ ਦੀ ਬਾਣੀ ਨੂੰ ਇਸ ਦ੍ਰਿਸ਼ਟੀ ਤੋਂ ਬਹੁਤ ਘੱਟ ਵਾਚਿਆ ਗਿਆ ਹੈ। ਇਸ ਦੇ ਦੋ ਕਾਰਨ ਹੋ ਸਕਦੇ ਹਨ। ਪਹਿਲਾ ਇਹ ਕਿ ਉੱਚ ਸ਼੍ਰੇਣੀਆਂ ਦੇ ਲੋਕ ਅੱਜ ਵੀ ਇਹ ਸਹਿਣ ਨਹੀਂ ਕਰਦੇ ਕਿ ਕੋਈ ਦਲਿਤ ਜਾਂ ਅਛੂਤ ਉਨ੍ਹਾਂ ਨੂੰ ਰਾਜਨੀਤਕ 'ਅਗਵਾਈ ਦੇਵੇ। ਦੂਜਾ ਕਾਰਨ ਇਹ ਹੈ ਕਿ ਭਗਤ ਰਵਿਦਾਸ ਜੀ ਦੀ ਬਾਣੀ ਵਿਚ ਅੱਜ ਦਾ ਪ੍ਰਚਲਿਤ ਰਾਜਨੀਤਕ ਮੁਹਾਵਰਾ ਪ੍ਰਾਪਤ ਨਹੀਂ ਹੁੰਦਾ। ਸਾਨੂੰ ਇਕ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਲਗਪਗ ੬੦੦ ਵਰ੍ਹੇ ਪਹਿਲਾ ਹੋਏ ਭਗਤ ਰਵਿਦਾਸ ਜੀ ਤੋਂ, ਆਧੁਨਿਕ ਮਾਪਦੰਡਾ ਵਾਲੀ ਰਾਜਨੀਤਕ ਵਿਚਾਰਧਾਰਾ ਦੀ ਆਸ ਕਰਨੀ ਜ਼ਿਆਦਤੀ ਹੋਵੇਗੀ। ਇਹ ਗੱਲ ਦ੍ਰਿੜ੍ਹਤਾ ਨਾਲ ਕਹੀ ਜਾ ਸਕਦੀ ਹੈ ਕਿ ਭਗਤ ਰਵਿਦਾਸ ਜੀ ਨੇ ਆਪਣੇ ਸਮੇਂ ਦੇ ਹੋਰਨਾ ਭਗਤਾ ਤੋਂ ਕਿਧਰੇ ਵਿਸ਼ਾਲ, ਮੌਲਿਕ, ਤੇ ਸਪੱਸ਼ਟ ਰੂਪ ਵਿਚ ਰਾਜਨੀਤਕ ਵਿਚਾਰ ਦਿੱਤੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਉਨ੍ਹਾ ਦੇ ਦੋ ਸ਼ਬਦ ਸਿੱਖ-ਪੰਥ ਨੂੰ ਅੱਜ ਵੀ ਭਰਪੂਰ ਪ੍ਰੇਰਨਾ ਦਿੰਦੇ ਹਨ। ਪਹਿਲਾ ਸ਼ਬਦ ਹੈ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ॥ਗਰੀਬ ਨਿਵਾਜੁ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥੧॥ ਰਹਾਉ॥ ਜਾ ਕੀ ਛੋਤਿ ਜਗਤ ਕਉ ਲਾਗੈ ਤਾ ਪਰ ਤੁੰਹੀ ਢਰੈ॥ ਨੀਚਹ ਊਚ ਕਰੈ ਮੇਰਾ ਗੋਬਿੰਦੁ ਕਾਹੂ ਤੇ ਨ ਡਰੈ॥੧॥ (ਪੰਨਾ ੧੧੦੬)



www.AKJ.Org

ਇਸ ਸ਼ਬਦ ਵਿਚ ਭਗਤ ਜੀ ਨੇ 'ਛਤ੍ਰ' ਸ਼ਬਦ ਦਾ ਪ੍ਰਯੋਗ ਕਰ ਕੇ, ਮੱਧਕਾਲੀ ਮੁਹਾਵਰੇ ਵਿਚ ਕਿਹਾ ਹੈ ਕਿ ਦਲਿਤ ਵਰਗ ਨੂੰ ਵੀ ਰਾਜਸੀ ਕੰਮਾ ਵਿਚ ਹਿੱਸਾ ਲੈਣ ਦਾ ਅਧਿਕਾਰ ਹੈ। ਇਸ ਤਰ੍ਹਾ ਭਗਤ ਜੀ ਨੇ ਰਾਜਨੀਤਕ ਦ੍ਰਿਸ਼ਟੀਕੋਣ ਤੋਂ ਜਮਹੂਰੀ ਵਿਵਸਥਾ ਦੇ ਹੱਕ ਵਿਚ ਹੀ ਆਪਣਾ ਪੱਖ ਦਿੱਤਾ ਹੈ।

ਦੂਜੇ ਸ਼ਬਦ ਵਿਚ ਭਗਤ ਰਵਿਦਾਸ ਜੀ ਨੇ ਆਦਰਸ਼ ਰਾਜ ਦਾ ਨਮੂਨਾ ਦੱਸਿਆ ਹੈ ਕਿ ਰਾਜ ਵਿਚ ਕਿਸੇ ਨੂੰ ਕੋਈ ਦੁੱਖ-ਤਕਲੀਫ ਨ ਹੋਵੇ, ਰਾਜ ਅਯੋਗ ਕਰ (ਟੈਕਸ) ਨਾ ਲਾਵੇ, ਇਥੇ ਨਾਗਰਿਕਾ ਦੇ ਜਾਨ-ਮਾਲ ਦੀ ਪੂਰਨ ਸੁਰੱਖਿਆ ਦੀ ਗਾਰੰਟੀ ਹੋਵੇ। ਰਾਜ ਸ਼ਕਤੀਸ਼ਾਲੀ ਹੋਵੇ ਅਤੇ ਉਸ ਨੂੰ ਕਿਸੇ ਅੰਦਰੂਨੀ ਜਾ ਬਾਹਰੀ ਖ਼ਤਰੇ ਦਾ ਡਰ ਨ ਹੋਵੇ। ਲੋਕਾ ਨੂੰ ਕਿਸੇ ਚੀਜ਼ ਦੀ ਕੋਈ ਘਾਟ ਨ ਹੋਵੇ। ਨਾਗਰਿਕਾ ਦੇ ਸੁਖ-ਆਰਾਮ ਦਾ ਪੂਰਾ ਧਿਆਨ ਰੱਖਿਆ ਜਾਵੇ ਅਤੇ ਸਭ ਨੂੰ ਆਜ਼ਾਦੀ ਹੋਵੇ :

ਬੇਗਮ ਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥੧॥
ਅਬ ਮੋਹਿ ਖੂਬ ਵਤਨ ਗਹ ਪਾਈ॥ ਊਹਾਂ ਖੈਰਿ ਸਦਾ ਮੇਰੇ ਭਾਈ॥੧॥ ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥ ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥ ਊਹਾਂ ਗਨੀ ਬਸਹਿ ਮਾਮੂਰ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥ ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥ ਜੋ ਹਮ ਸਹਰੀ ਸੁ ਮੀਤੁ ਹਮਾਰਾ॥ (ਪੰਨਾ ੩੪੫)

ਇਸ ਪ੍ਰਕਾਰ ਭਗਤ ਰਵਿਦਾਸ ਜੀ ਨੇ ਲੋਕ-ਆਗੂ ਕਰਾਤੀਕਾਰੀ ਆਗੂ ਵਜੋਂ, ਜਿਥੇ ਸਮਾਜ ਦੀਆ ਬੁਰਾਈਆ ਦਾ ਵਰਣਨ ਕੀਤਾ, ਉਥੇ ਇਨ੍ਹਾ ਬੁਰਾਈਆ ਦੇ ਕਾਰਨਾ ਨੂੰ ਸਮਝਦੇ ਹੋਏ, ਸਮਾਜਿਕ-ਮੁਕਤੀ ਦਾ ਆਦਰਸ਼ ਵੀ ਰੱਖਿਆ। ਰਾਜਨੀਤਕ ਦ੍ਰਿਸ਼ਟੀ ਤੋਂ ਵੀ ਉਨ੍ਹਾ ਨੇ ਆਪਣੇ ਸਮੇਂ ਦੇ ਲੋਕਾ ਨੂੰ ਸਿੱਖਿਅਤ ਕੀਤਾ। ਉਨ੍ਹਾ ਦੀ ਇਹ ਵਿਚਾਰਧਾਰਾ ਅੱਜ ਵੀ ਹਿੰਦੁਸਤਾਨ ਦੇ ਹੀ ਨਹੀਂ ਸਗੋਂ ਵਿਸ਼ਵ ਭਰ ਦੇ ਦੱਬੇ-ਕੁੱਚਲੇ ਅਤੇ ਅਪਮਾਨਿਤ ਲੋਕਾ ਦਾ ਮਾਰਗ-ਦਰਸ਼ਨ ਕਰ ਸਕਦੀ ਹੈ। ਇਹੀ, ਉਨ੍ਹਾਂ ਦੀ ਵਿਚਾਰਧਾਰਾ ਦੀ ਪ੍ਰਸੰਗਿਕਤਾ ਨੂੰ ਰੋਸ਼ਨ ਕਰਨ ਵਾਲਾ ਨੁਕਤਾ ਹੈ।

---

(ਪੰਨਾ ੪ ਦਾ ਬਾਕੀ ...)

ਮਨੋ-ਕਲਪਤ ਵਿਆਖਿਆ ਦੁਆਰਾ, ਸਿਖ ਕੌਮ ਵਿਖੇ ਸਿਖਾ ਦੇ ਸਿਖਾ ਦੇ ਵਖੋ ਵਖ ਵਰਣ ਚਿਹਨ ਅਸਥਾਪਣ ਕਰ ਦੇਣੇ ਹਿੰਦੂ ਕੌਮ ਦੇ ਮੰਨੇ ਹੋਏ ਵਰਨ-ਆਸ਼ਰਮ ਵਾਲੀ ਅਗਿਆਨਤਾ ਪੂਰਨ ਨਕਲ ਹੈ। ਗੁਰੂ ਘਰ ਦੀ ਪੁਰਾਤਨ ਗੁਰਸਿਖ-ਗਾਥਾ ਅਨੁਸਾਰ ਇਸ ਸਿਖ ਦੇ ਜੀਵਨ ਵਿਖੇ ਹਿੰਦੂਆ ਦੇ ਸਾਰੇ, ਅਰਥਾਤ ਚਾਰੇ ਵਰਨਾ-ਆਸ਼ਰਮਾ ਵਾਲੇ ਗੁਣ ਗੁੰਫਤ ਅਤੇ ਪੂਰਤ ਹਨ।

ਪਰਮਾਰਥ ਦਾ ਪਾਧੀ ਸੰਤ ਭਗਤ ਅਤੇ ਗੁਰਮੁਖ ਬ੍ਰਹਮ-ਵਿਚਾਰੀ ਬ੍ਰਹਮ-ਗਿਆਨੀ ਹੋਣ ਕਰਕੇ ਸਿਖ ਬ੍ਰਾਹਮਣ ਹੈ, ਸੋਈ ਸਿਖ ਪਰਉਪਕਾਰੀ ਸੂਰਬੀਰ ਯੋਧਾ ਹੋਣ ਕਰਕੇ ਛਤਰੀ ਹੈ। ਸੋਈ ਗ੍ਰਹਿਸਤੀ ਅਤੇ ਦਸਾ ਨਹੁੰਆ ਦੀ ਕਮਾਈ ਕਰਕੇ, ਘਾਲ ਖਾਏ ਕੁਛ ਹਥੋਂ ਦੇਣ ਵਾਲਾ ਹੋਣ ਕਰਕੇ ਵੈਸ਼ ਹੈ ਅਤੇ ਸੋਈ ਸਿਖ ਸੇਵਾ ਦੇ ਮੰਡਲ ਦਾ ਮੋਹਰੀ ਹੋਣ ਕਰਕੇ ਸੂਦਰ ਹੈ।

ਏਸੇ ਪਰਕਾਰ ਸਿੰਘ, ਖਾਲਸਾ, ਗੁਰਮੁਖ ਅਤੇ ਸੇਵਕ ਵਾਲੇ ਸਾਰੇ ਗੁਣ ਇਕੋ ਸਿਖ ਵਿਖੇ ਹੀ ਘਟਦੇ ਹਨ। ਸੋ 'ਸਿਖ ਪਦ' ਦੇ ਪੁਕਾਰਨ ਮਾਤਰ ਵਿਚ ਸਿੰਘ, ਖਾਲਸਾ, ਗੁਰਮੁਖ ਅਤੇ ਸੇਵਕ ਆਪੇ ਹੀ ਪੁਕਾਰੇ ਜਾਦੇ ਹਨ। ਇਹ ਸਿਖ ਪਦ ਦੀ, ਸਿਖ ਪਦਵੀ ਦੀ ਗੁਰੂ ਘਰ ਵਿਖੇ ਵਿਲੱਖਣਤਾ ਹੈ। ਸੋ ਸਿਖ ਸਦਾਵਣ ਵਾਲੇ ਭਰਾਵੋ ! ਤੁਸੀ ਕਦੇ ਵੀ ਆਪਣੇ ਆਪ ਨੂੰ ਸਿਖ ਨਹੀਂ ਸਦਵਾ ਸਕਦੇ, ਜਦ ਤੀਕਰ ਕਿ ਤੁਸੀਂ ਸਤਿਗੁਰੂ ਦਸਮੇਸ਼ ਜੀ ਦੇ ਸਮੇਂ ਪਰਚੁਰ ਹੋਈ ਪਵਿਤਰ ਅੰਮ੍ਰਿਤ ਦੀ ਮਰਯਾਦਾ ਦੁਆਰਾ ਸਿਖ ਨਹੀਂ ਬਣ ਜਾਦੇ। ਤੁਸਾ ਨੂੰ ਭਲੀ ਬਿਧ ਇਹ ਭੇਦ ਪ੍ਰਗਟ ਰਹੇ ਕਿ ਕੇਵਲ ਖੰਡੇ ਦੇ ਅੰਮ੍ਰਿਤ ਦੁਆਰਾ ਸਜੇ ਸਿੰਘ ਹੀ ਸਿਖ ਸਦਵਾ ਸਕਦੇ ਹਨ।



www.AKJ.Org

# ਵੱਡਾ ਘੱਲੂਘਾਰਾ

(ਪ੍ਰਿੰ. ਸਤਿਬੀਰ ਸਿੰਘ ਜੀ)

ਅਹਿਮਦ ਸ਼ਾਹ ਅਬਦਾਲੀ ਨੇ ੧੭੪੮ ਤੋਂ ਲੈ ਕੇ ੧੭੬੧ ਤੱਕ ਪੰਜ ਹਮਲੇ ਹਿੰਦੁਸਤਾਨ ਤੇ ਕੀਤੇ ਸਨ। ੧੩ ਜਨਵਰੀ, ੧੭੬੧ ਨੂੰ ਮਰਹੱਟਿਆ ਨੂੰ ਹਰਾਉਣ ਉਪਰੰਤ ਅਬਦਾਲੀ ਮਾਰਚ ਦੇ ਮਹੀਨੇ ਵਾਪਸ ਮੁੜ ਪਿਆ। ਜਦ ਉਹ ਵਾਪਸ ਮੁੜ ਰਿਹਾ ਸੀ ਤਾ ਸਿੱਖਾਂ ਨੇ ਅਬਦਾਲੀ ਕੋਲੋਂ ਖ਼ੂਬ ਹਿੱਸਾ ਵੰਡਾਇਆ। ਇਕ ਕਥਨ ਅਨੁਸਾਰ ਅਟਕ ਤਕ ਉਸ ਦਾ ਪਿੱਛਾ ਕੀਤਾ। ਇਸ ਗੱਲ ਤੋਂ ਗੁੱਸਾ ਖਾ ਕੇ ਉਸ ਨੇ ਐਲਾਨੀਆ ਕਿਹਾ ਕਿ ਹੁਣ ਸਿੱਖਾ ਨੂੰ ਦਬਾ ਕੇ ਹੀ ਅਰਾਮ ਕਰਾਂਗਾ। ਉਂਜ ਸੁਘੜ ਪਰ ਸਿੱਖਾ ਦੇ ਚਲਨ ਨੂੰ ਨਾ ਸਮਝਣ ਵਾਲਾ ਅਣਜਾਣ ਅਬਦਾਲੀ ਨਹੀਂ ਸੀ ਜਾਣਦਾ ਕਿ ਸਿੱਖ ਕੌਮ ਨੂੰ ਕੋਈ ਹਰਾ ਨਹੀਂ ਸਕਦਾ.

ਪੰਜਾਬ ਦੇ ਕਬਜ਼ੇ ਲਈ ਹੁਣ ਦੋ ਤਾਕਤਾ- ਸਿੱਖ ਅਤੇ ਅਫ਼ਗਾਨ ਲੜ ਰਹੀਆ ਸਨ। ਬਾਕੀ ਸਭ ਤਾਕਤਾ ਜਾ ਮੁੱਕ ਗਈਆ ਸਨ ਜਾ ਬਲਹੀਨ ਹੋ ਗਈਆਂ ਸਨ। ਸਿੱਖ ੧੭੬੨ ਵਿਚ ਪੰਜਾਬ ਦੇ ਅਮਲੀ ਤੌਰ ਉੱਤੇ ਮਾਲਕ ਸਨ। ਅਬਦਾਲੀ ਦੇ ਨਿਯਤ ਕੀਤੇ ਗਵਰਨਰ ਖ਼ਵਾਜ਼ਾ ਮਿਰਜ਼ਾ ਖ਼ਾਨ ਜਹਾਨ ਮਹੱਲ ਵਾਲਾ, ਆਬਿਦ ਖ਼ਾਨ (ਲਾਹੌਰ), ਸਾਦਤ ਖ਼ਾਨ ਤੇ ਸਾਦਕ ਖ਼ਾਨ ਅਫ਼ਰੀਦੀ, ਸਿੱਖਾ ਦੀ ਵਧਦੀ ਤਾਕਤ ਨੂੰ ਰੋਕ ਨਾ ਪਾ ਸਕੇ। ਸਿੱਖਾਂ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਅਗਵਾਈ ਹੇਠਾ ਲਾਹੌਰ ਤੇ ਕਬਜ਼ਾ ਕੀਤਾ ਤਾ ਆਕਲਦਾਸ ਨੇ ਅਬਦਾਲੀ ਨੂੰ ਹਮਲਾ ਕਰਨ ਲਈ ਪ੍ਰੇਰਿਆ। ਸਿੱਖਾਂ ਨੂੰ ਸੂਹ ਮਿਲ ਗਈ। ਸਿੱਖਾ ਨੇ ਸਾਰਾ ਧਿਆਨ ਆਪਣੇ ਟੱਬਰਾ ਨੂੰ ਸੁਰੱਖਿਅਤ ਥਾ ਉਤੇ ਪਹੁੰਚਾਣ ਵੱਲ ਲਗਾ ਦਿੱਤਾ ਅਤੇ ਸਾਰੇ ਮਲੇਰ ਕੋਟਲੇ ਵਿਚ ਇੱਕਠੇ ਹੋਣੇ ਸੁਰੂ ਹੋਏ।

ਅਹਿਮਦ ਸ਼ਾਹ ੩ ਫ਼ਰਵਰੀ ਨੂੰ ਅੰਦਾਜ਼ਿਆ ਦੇ ਉਲਟ ਲਾਹੌਰ ਪੁੱਜ ਗਿਆ। ਸਿੱਖਾ ਦੇ ਅੰਦਾਜ਼ੇ ਮੁਤਾਬਿਕ ਘੱਟ ਤੋਂ ਘੱਟ ਉਸ ਨੂੰ ਲਾਹੌਰ ਪੁੱਜਦਿਆ ਦਸ ਦਿਨ ਲੱਗ ਜਾਣੇ ਸਨ। ਸਿੱਖਾ ਦਾ ਯਕੀਨ ਸੀ ਕਿ ਟੱਬਰਾ ਨੂੰ ਸੁਰੱਖਿਅਤ ਥਾ ਉਤੇ ਪਹੁੰਚਾ, ਕੇ ਉਹ ਵਾਪਸ ਮੁੜ ਕੇ ਲੜਨ ਲਈ ਤਿਆਰ ਹੋ ਸਕਣਗੇ, ਪਰ ਸਿੱਖਾ ਦੀ ਹੈਰਾਨੀ ਹੱਦ ਹੀ ਨਾ ਰਹੀ ਜਦ ੫ ਫ਼ਰਵਰੀ ਨੂੰ ਕਾਸਮ ਖ਼ਨ ਨੂੰ ਹਮਲਾ ਕਰਦੇ ਡਿੱਠਾ।

ਗਿਆਨੀ ਗਿਆਨ ਸਿੰਘ ਦੇ ਕਥਨ ਅਨੁਸਾਰ ਸਵੇਰ ਦਾ ਸਮਾ ਸੀ। ਸਿੰਘ ਅਜੇ ਤਿਆਰ ਵੀ ਨਹੀਂ ਸਨ ਹੋਏ। ਅਬਦਾਲੀ ਨੇ ਘੇਰਾ ਘੱਤ ਲਿਆ। ਅਬਦਾਲੀ ਦੀਆ ਫ਼ੌਜਾ ਨੇ ਪੁਜਦੇ ਸਾਰ ਹੀ ਕਤਲਿ-ਆਮ-ਅਰੰਭ ਦਿੱਤਾ। ਸਿੰਘਾ ਨੇ ਝਟਪਟ ਤਿਆਰੇ ਕਰ ਲਏ। ਭਾਵੇਂ ਹਮਲਾ ਅਚਨਚੇਤ ਸੀ, ਪਰ ਸਿੱਖਾ ਨੇ ਡਟ ਕੇ ਮੁਕਾਬਲਾ ਕਰਨ ਦੀ ਠਾਣੀ। ਪਹਿਲੇ ਹੱਲੇ ਵਿਚ ਹਜ਼ਾਰਾ ਸਿੰਘ ਸ਼ਹੀਦ ਹੋ ਗਏ। ਟੱਬਰਾ ਨੂੰ ਬਚਾਉਣ ਲਈ ਸਿੱਖਾ ਨੇ ਵਿਚਾਰ ਬਣਾਈ, ਪਰ ਇਹ ਖ਼ਿਆਲ ਵੀ ਬਣਿਆ ਕਿ :

"ਬਾਹਿ ਤੋ ਸਾਰੇ ਸ਼ਹੀਦ ਭਵੇ ਅਬ ਮਰੇ ਇਹ ਬਾਤ ਪਰੀ ਹੈ।"

ਨਾਲ ਹੀ ਉਸੇ ਪਲ ਟੱਬਰਾ ਦਾ ਖ਼ਿਆਲ ਆਇਆ। ਉਹ ਸਾਰੇ ਬੇਦੋਸ਼ੇ ਸ਼ਹੀਦ ਕਰ ਦਿੱਤੇ ਜਾਣਗੇ। ਸੋ ਜਲਦੀ ਵਿਚ ਹੀ ਇਹ ਫ਼ੈਸਲਾ ਹੋਇਆ ਕਿ ਵਹੀਰਾ ਦੇ ਇਰਦ ਗਿਰਦ ਚੋਖਟਾ (ਗੋਲ ਕਿਲ੍ਹਾ) ਬਣਾ ਕੇ ਦੁਸ਼ਮਣਾਂ ਦਾ ਮੁਕਾਬਲਾ ਕੀਤਾ ਜਾਏ। ਸਰਦਾਰ ਜੱਸਾ ਸਿੰਘ ਨੇ ਕਮਾਨ ਆਪਣੇ ਹੱਥ ਸੰਭਾਲ ਲਈ। ਸਰਦਾਰ ਸ਼ਾਮ ਸਿੰਘ ਦਾ ਜੱਥਾ ਵੀ ਨਾਲ ਸੀ। ਅਜੇ ਤਿੰਨ ਮੀਲ ਹੀ ਪੈਂਡਾ ਕੀਤਾ ਸੀ ਕਿ ਭੀਖਨ ਖ਼ਾਨ, ਜੈਨ ਖ਼ਾਨ ਅਤੇ ਸ਼ਾਹ ਵਲੀ ਖ਼ਾਨ ਆ ਪਏ। ਉਹ ਗੋਲ ਕਿਲ੍ਹਾ ਤੋੜਨ ਵਿਚ ਕਾਮਯਾਬ ਨਾ ਹੋ ਸਕੇ। ਸਿੱਖ ਫ਼ੌਜੀਆ ਨੇ ਇਕ ਜਿੰਦਾ ਮਨੁੱਖਾ ਦੀ ਦੀਵਾਰ ਖੜੀ ਕਰ ਦਿੱਤੀ। ਦਸਤੇ ਅਬਦਾਲੀ ਦੀ ਫ਼ੌਜ ਦਾ ਟਾਕਰਾ ਕਰਦੇ ਰਹੇ ਤੇ ਵਹੀਰ ਬਰਨਾਲਾ ਵੱਲ ਵਧਦਾ ਗਿਆ। ਜੈਨ ਖ਼ਾਨ ਤੋਂ ਵਹੀਰ ਬਹੁਤ ਦੂਰ ਚਲਾ ਗਿਆ। ਇਸ ਤਰ੍ਹਾ ਟੁਰਦੇ ਤੇ ਮੁਕਾਬਲਾ ਕਰਦੇ ਸਿੱਖਾ ਦਾ ਜਾਨੀ ਨੁਕਸਾਨ ਬਹੁਤ ਜਿਆਦਾ ਹੋ ਰਿਹਾ ਸੀ, ਪਰ ਸਿੰਘ ਜਰਕ ਤੇ ਡਟਕੇ ਹਮਲੇ ਕਰ ਰਹੇ ਸਨ।

"ਸਿੰਘਨ ਵਟ ਕਸੀਸ ਦਈ ਤਬ ਯਾਦ ਕਰ ਦਯੋ ਅੱਲਾ।"

ਸਿੰਘ ਵਹੀਰ ਦੀ ਰਾਖੀ ਇਸ ਤਰ੍ਹਾ ਕਰ ਰਹੇ ਸਨ ਜਿਵੇਂ ਕੁੱਕੜੀ ਆਪਣੇ ਬੱਚਿਆ ਦੀ, ਖੰਭ ਖਿਲਾਰ



www.AKJ.Org

ਕੇ ਰਾਖੀ ਕਰਦੀ ਹੈ। ਅਹਿਮਦ ਸ਼ਾਹ ਤੇ ਉਸ ਦੇ ਜਰਨੈਲ ਇਸ ਪ੍ਰਕਾਰ ਦੀ ਲੜਾਈ ਨੂੰ ਦੇਖ ਕੇ ਹੈਰਾਨ ਹੋ ਰਹੇ ਸਨ। ਉਸ ਹੈਰਾਨੀ ਨਾਲ ਸਾਥੀ ਕੋਲੋਂ ਸਿੰਘਾਂ ਦੀ ਜੰਗ-ਨੀਤੀ ਤੇ ਸੁਭਾਅ ਬਾਰੇ ਪੁੱਛਿਆ ਤਾਂ ਉਹ ਵੀ ਨਾਦਰ ਵਾਂਗ ਬੋਲ ਪਿਆ :

"ਹਮ ਤੈ ਕਭੀ ਨ ਮਰੈ ਹੈ ਯਾਹਿ। ਪਹਿਲੇ ਮੁਗਲੋਂ ਨੇ ਬਹੁ ਮਾਰੇ।
ਪੁਨ ਹਮ ਨੇ ਮਾਰੇ ਬਹੁ ਬਾਰੇ। ਕਸਰ ਮੁਕਾਵਨ ਪੈ ਨਹਿ ਛੋਡੀ।
ਫਿਰ ਇਹੁ ਬਢਦੇ ਜੇਹੈ ਹੋਡੀ।"

ਅਹਿਮਦ ਸ਼ਾਹ ਨੇ ਵਲੀ ਖ਼ਾਨ, ਭੀਖਨ ਖ਼ਾਨ ਮਲੇਰ ਕੋਟਲੇ ਵਾਲੇ ਅਤੇ ਜੈਨ ਖ਼ਾਨ ਨੂੰ ਤਕੜੇ ਹੋ ਕੇ ਹਮਲਾ ਕਰਨ ਲਈ ਪ੍ਰੇਰਿਆ। ੪੮ ਹਜ਼ਾਰ ਫ਼ੌਜ ਵਿਚੋਂ ਅੱਠ ਹਜ਼ਾਰ ਫ਼ੌਜੀ ਵੱਖ ਕਰ ਲਏ ਤੇ ਜਮ ਕੇ ਹਮਲਾ ਕੀਤਾ। ਵਹੀਰ ਤੇ 'ਦਲ ਖ਼ਾਲਸਾ' ਵੱਖ ਕਰਨ ਵਿਚ ਅਬਦਾਲੀ ਸਫ਼ਲ ਹੋ ਗਿਆ। ਇਸ ਹਮਲੇ ਵਿਚ ਸਿੰਘਾਂ ਦੇ ਪੈਰ ਉੱਖੜੇ ਤੇ ਕਿਤਨੇ ਹੀ ਸਿੰਘ ਸ਼ਹੀਦ ਹੋ ਗਏ। ਸਿੱਖ ਸਰਦਾਰਾਂ ਤੇ ਜੱਥਿਆਂ ਦੀ ਵਾੜ ਇਸ ਹਮਲੇ ਨੇ ਤੋੜ ਦਿੱਤੀ। ਟੱਬਰਾਂ ਦੇ ਟੱਬਰ ਮਾਰੇ ਗਏ। ਵਹੀਰ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਹੁਣ ਅਬਦਾਲੀ ਦੀ ਇਹ ਖ਼ਾਹਿਸ਼ ਲੱਗਦੀ ਸੀ ਕਿ ਵਹੀਰ ਦਾ ਬਹੁਤ ਜ਼ਿਆਦਾ ਨੁਕਸਾਨ ਹੋਇਆ। ਹੁਣ ਅਬਦਾਲੀ ਦੀ ਇਹ ਖ਼ਾਹਿਸ਼ ਲੱਗਦੀ ਸੀ ਕਿ ਵਹੀਰ ਦੇ ਐਨ ਵਿਚਕਾਰ ਪੁੱਜ ਕੇ ਇਤਨਾ ਵੱਡਾ ਕਤਲਿਆਮ ਕੀਤਾ ਜਾਏ ਕਿ ਫੇਰ ਸਿੱਖ ਉੱਠਣ ਜੋਗੇ ਨਾ ਰਹਿਣ। ਅਬਦਾਲੀ ਦੀ ਚਾਲ ਸਮਝ ਕੇ ਸਿੱਖਾਂ ਵੀ ਜਥੇਬੰਦੀ ਪੱਕੀ ਕਰ ਲਈ। ਸਾਰੇ ਜਥੇ, ਭੰਗੀ, ਘਨਈਏ, ਸ਼ੁਕਰਚਕੀਏ ਡਲੇਵਾਲੀਏ, ਸ਼ਹੀਦ, ਕਰੋੜੀਏ, ਰਾਮਗੜ੍ਹੀਏ, ਨਿਸ਼ਾਨਵਾਲੀਏ ਸਰਦਾਰ ਇਕੱਠੇ ਹੋ ਗਏ ਅਤੇ ਨਵੀਂ ਵਿਉਂਤ ਨਾਲ ਲੜਨ ਲੱਗੇ। ਅਚਾਨਕ ਹਮਲੇ ਤੇ ਫਿਰ ਲਗਾਤਾਰ ਹਮਲਿਆਂ ਵਿਚਕਾਰ ਜਿਸ ਤਰ੍ਹਾਂ ਸਿੱਖ ਸਰਦਾਰਾਂ ਨੇ ਆਪਣੇ ਆਪ ਨੂੰ ਬਚਾਇਆ ਉਹ ਜੰਗੀ ਇਤਿਹਾਸ ਵਿਚ ਇਕ ਅਮਿਟ ਯਾਦਗਾਰ ਹੈ। ਅਬਦਾਲੀ ਨੇ ਵੀ ਸਿੱਖਾਂ ਦੇ ਸਿਰੜ ਦੀ ਉਪਮਾ ਕੀਤੀ। ਜਿਸ ਪਾਸੇ ਸਿੰਘ ਦੌੜ ਕੇ ਪੈਂਦੇ ਸਨ ਉਸ ਪਾਸਿਉਂ ਦੁਸ਼ਮਣਾਂ ਦਾ ਤਕਰੀਬਨ ਖ਼ਾਤਮਾ ਹੀ ਹੋ ਜਾਂਦਾ ਸੀ :

"ਜਿਤ ਵਲ ਪਰਤ ਸਿੰਘ ਭਟ ਦੌੜਾ। ਕਰਤ ਤੁਕਰਨ ਕੀ ਤਰੱਟੀ ਚੌੜਾ।"

ਜੈਨ ਖ਼ਾਨ ਨੇ ਸ਼ਾਹ ਨੂੰ ਕਿਹਾ ਕਿ ਅੱਗੋਂ ਘੇਰੇ ਨਹੀਂ ਜਾ ਸਕਦੇ। ਦੇਖਣ ਨੂੰ ਇਹ ਥੋੜ੍ਹੇ ਹਨ ਪਰ ਲੜਦੇ ਜਾਨਾਂ ਹੂਲ ਕੇ ਹਨ :

"ਦੇਖਨ ਮੈਂ ਥੋੜੇ ਦਿਸੈ ਲੜਤੇ ਘਣੇ ਦਿਸਾਹਿ।"

ਸੋ ਵਹੀਰ ਦਾ ਖ਼ਿਆਲ ਛੱਡ ਕੇ ਅੱਗੋਂ ਆ ਪਵੋ। ਸਿਰ ਟੁੱਟ ਗਿਆ ਤਾਂ ਸਿੰਘਾਂ ਵਿਚ ਘਬਰਾਹਟ ਫੈਲ ਜਾਏਗੀ। ਸੋ ਫ਼ੌਜਾਂ ਨੂੰ ਅਬਦਾਲੀ ਵਹੀਰ ਵਿਚੋਂ ਕੱਢ ਅਗਲੇ ਸਿਰੇ ਲੈ ਗਿਆ।

ਸਰਦਾਰ ਜੱਸਾ ਸਿੰਘ ਆਹਲੂਵਾਲੀਏ, ਸਰਦਾਰ ਸ਼ਿਆਮ ਸਿੰਘ ਅਤੇ ਸਰਦਾਰ ਚੜ੍ਹਤਸਿੰਘ ਸ਼ੁਕਰਚਕੀਏ ਨੇ ਤਗੜੇ ਹੱਥ ਦਿਖਾਏ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤਾਂ ਕਈ ਵਾਰ ਮੌਤ ਦੇ ਮੂੰਹ ਤੋਂ ਮਸਾਂ ਬਚੇ। ਆਪ ਨੂੰ ਲਹੂ-ਲੁਹਾਨ ਦੇਖ ਕੇ ਅੰਗ-ਪਾਲਕ ਭਾਈ ਗੁਰਮੁਖ ਸਿੰਘ ਨੇ ਘੋੜੇ ਨੂੰ ਅੱਡੀ ਲਗਾ ਕੇ ਪਾਸੇ ਕਰਾਉਣ ਲਈ ਚਾਬਕ ਚੁੱਕਿਆ ਹੀ ਸੀ ਕਿ ਜੁਰਅੱਤ ਦੀ ਮੂਰਤ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਉੱਚੀ ਆਵਾਜ਼ ਦੇ ਕੇ ਕਿਹਾ :

"ਪੰਥ ਸੁਨੈ, ਹਮ ਕੋ ਕਰੇ ਠੱਠਾ। ਘੋੜਾ ਕੁਦਾਇ ਜਸਾ ਸਿੰਘ ਨੱਠਾ।
ਕਯਾ ਮੁਖ ਲੈ ਮੈ ਬਹੋਂ ਦੀਵਾਨ। ਕਰੈ ਮਸਕਰੀ ਹਮ ਕੋ 'ਆਨ'।
ਮੈਂ ਖ਼ਾਲਸੇ ਪਤਿਸ਼ਾਹ ਕਹਾਯੋ। ਤੁਮ ਚਾਹਤ ਹਮ ਗੀਦੀ ਬਨਾਯੋ।

ਐਸੇ ਜੀਵਨ ਨਾਲੋਂ ਮਰਨਾ ਚੰਗਾ ਹੈ।" ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੂੰ ਸਰੀਰ ਤੇ ੨੨ ਜ਼ਖ਼ਮਾਂ ਤੇ ਸਰਦਾਰ ਚੜ੍ਹਤ ਸਿੰਘ ਸ਼ੁਕਰਚਕੀਏ ਨੂੰ ੧੯ ਜ਼ਖ਼ਮ ਆਏ। ਕਈ ਜਥੇ ਉੱਥੇ ਆ ਪੁੱਜੇ। ਸਰਦਾਰ ਜੱਸਾ ਸਿੰਘ ਲਹੂ-ਲੁਹਾਨ ਹੋਏ ਲੜ ਰਹੇ ਸਨ। ਕਹਿੰਦੇ ਹਨ ਕਿਸੇ ਸਰਦਾਰ ਚੜ੍ਹਤ ਸਿੰਘ ਨੂੰ ਕਿਹਾ ਕਿ ਤੂੰ ਤਾਂ ਕਹਿੰਦਾ ਸੈਂ ਕਿ ਅਬਦਾਲੀ ਦਾ ਸਿੱਧਾ ਟਾਕਰਾ ਕਰਾਂਗਾ। ਹੁਣ ਇੱਥੇ ਕੀ ਕਰਦਾ ਹੈ । ਇਤਨਾ



www.AKJ.Org

ਸੁਣਦੇ ਹੀ ਉਨ੍ਹਾ ਘੋੜਾ ਅਬਦਾਲੀ ਵੱਲ ਵਧਾ ਦਿੱਤਾ। ਸਰਦਾਰ ਚੜ੍ਹਤ ਸਿੰਘ ਨੇ ਜਿਸ ਬਹਾਦਰੀ ਨਾਲ ਵਹੀਰ ਦੇ ਅਨੇਕ ਸਿੱਖਾ ਨੂੰ ਬਚਾਇਆ, ਉਸ ਦੀ ਸਾਰੇ ਪੰਥ ਨੇ ਉਪਮਾ ਤੇ ਵਡਿਆਈ ਕੀਤੀ। ਜਦ ਘੋੜਾ ਥੱਕ ਜਾਦਾ, ਸਰਦਾਰ ਚੜ੍ਹਤ ਸਿੰਘ ਜੀ ਨਵਾਂ ਬਦਲ ਲੈਂਦੇ। ਪੰਜ ਘੋੜੇ ਸਦਾ ਨਾਲ ਰੱਖਦੇ। ਜਿੱਥੇ ਵੀ ਲਲਕਾਰ ਪੈਂਦੀ, ਸੁਣ ਕੇ ਫੱਟ ਘੋੜਾ ਦੁੜਾ ਉੱਥੇ ਪੁੱਜਦੇ। ਕਿਸੇ ਜ਼ਖ਼ਮੀ ਨੂੰ ਬੇਲੇ ਤੇ ਪਾ ਆਉਂਦੇ, ਕਿਸੇ ਫੱਟੜ ਸਿੰਘ ਨੂੰ ਪਿੱਠ ਤੇ ਚੁੱਕ ਕੇ ਸੁਰੱਖਿਅਤ ਥਾਂ ਪਹੁੰਚਾ ਫਿਰ ਆ ਜੂੜਦੇ। ਕਿਸੇ ਸਿੰਘ ਨੂੰ ਚੰਗਾ ਹੱਥ ਦਿਖਾਦੇ ਦੇਖ ਹੱਲਾ-ਸ਼ੇਰੀ ਦੇ ਕੇ ਹੋਰ ਅੱਗੇ ਨਿਕਲ ਜਾਂਦੇ। ਬਸਤਰ ਸਾਰੇ ਲਹੂ ਨਾਲ ਭਰ ਗਏ ਸਨ। ਜਿਵੇਂ ਹੁਣੇ ਹੀ ਹੋਲੀ ਖੇਡ ਕੇ ਆਏ ਹੋਣ :

"ਲੋਹੂ ਰੰਗ ਸਭ ਕਪੜੇ ਭਏ, ਖੇਲ ਫ਼ਾਗ ਜਨ ਰੰਗ ਰੰਗਏ।"

ਸਾਰੇ ਪੰਥ ਨੇ ਸਰਦਾਰ ਸਿੰਘ ਜੀ ਦੀ ਇਤਨੀ ਉਪਮਾ ਕੀਤੀ ਕਿ ਅਸੀਸਾ ਦੇਣ ਕਿ "ਪਾਤਸ਼ਾਹੀ ਕਰੈਂ, ਲਾਹੌਰ ਮਾਰੈ, ਮੁਲਤਾਨ ਕਬਜ਼ਾ ਆਵੇ। ਕਸ਼ਮੀਰ ਕਾਬਲ ਤਕ ਹੁਕਮ ਚਲੇ" ਦੁਰਾਨੀ ਵੀ ਪੂਰੇ ਜ਼ੋਰਾ ਨਾਲ ਹਮਲਾ ਕਰ ਰਹੇ ਸਨ। ਅਬਦਾਲੀ ਦੀਆ ਫੌਜਾ ਦਾ ਇਕੋ ਹੀ ਨਿਸ਼ਾਨਾ ਸੀ ਕਿ ਸਿੰਘਾ ਦੀਆ ਫੌਜ ਨੂੰ ਚੀਰ ਕੇ ਸਾਰੇ ਵਹੀਰ ਨੂੰ ਸ਼ਹੀਦ ਕਰ ਦਿੱਤਾ ਜਾਵੇ। ਇਸ ਦੌਰਾਨ ਵਿਚ ਵਹੀਰ ਪੰਜ ਕੁ ਮੀਲ ਚਲ ਚੁੱਕਿਆ ਸੀ।

ਅੰਤ ਵਿਚ ਦੁਰਾਨੀ ਆਪਣੇ ਮਕਸਦ ਵਿਚ ਸਫਲ ਹੋ ਗਏ। ਸਿੰਘਾ ਦੀ ਫੌਜ ਵਹੀਰ ਨਾਲੋਂ ਕੱਟੀ ਗਈ। ਅਬਦਾਲੀ ਦੀ ਫੌਜ ਨੇ ਬੜੀ ਬੇਰਹਿਮੀ ਨਾਲ ਕੱਟਾ ਵੱਢੀ ਕੀਤੀ। ਜੋ ਬੱਚਾ, ਬੁਢਾ, ਜੁਆਨ, ਇਸਤਰੀ, ਪੁਰਸ ਹੱਥ ਆਇਆ ਉਸ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਗਿਆਨੀ ਗਿਆਨ ਸਿੰਘ ਜੀ ਦੇ ਕਥਨ ਦੇ ਅਨੁਸਾਰ ਉਥੇ ਖੂਨ ਦਾ ਦਰਿਆਂ ਵੱਗ ਟੁਰਿਆ। ਕੱਟੀ ਵੱਢੀ ਵਿਚ ਵੀ ਸਿੱਖ ਆਪਣੇ ਨਿਸ਼ਾਨੇ ਵੱਲ ਵਧਦੇ ਰਹੇ। ਰਾਤ ਪੈਣ ਤੋਂ ਸਿੰਘਾ ਨੇ ੨੦ ਮੀਲ ਦਾ ਪੈਂਡਾ ਤੈਅ ਕਰ ਲਿਆ। ਅਬਦਾਲੀ ਦੀਆਂ ਫੌਜਾ ਵੀ ੧੫੦ ਮੀਲ ਦਾ ਸਫਰ ਤੇ ਫਿਰ ਸਾਰੇ ਦਿਨ ਦੇ ਮੁਕਾਬਲੇ ਦੀ ਲੜਾਈ ਕਰ ਕੇ ਥੱਕ ਟੁੱਟ ਗਈਆਂ ਸਨ। ਅਫਗਾਨ ਫੌਜੀ ਕੁਤਬੇ ਬਾਹਮਣੀ ਪਿੰਡ ਦੇ ਨੇੜੇ ਪੁੱਜ ਗਏ ਸਨ। ਉਥੇ ਇਕ ਵੱਡਾ ਤਲਾਬ ਸੀ। ਪਿਆਸ ਨੇ ਦੁਰਾਨੀ ਦੀਆ ਫੌਜਾ ਨੂੰ ਵਿਆਕੁਲ ਕੀਤਾ ਹੋਇਆ ਸੀ ਉਹਨਾਂ ਨੇ ਰੱਜ ਕੇ ਪਾਣੀ ਪੀਤਾ। ਉਧਰੋਂ ਸਿੰਘ ਵੀ ਪਿਆਸ ਨਾਲ ਵਿਆਕੁਲ ਸਨ। ਅਚਰਜ ਲੱਗਦਾ ਸੀ ਕਿ ਇਕ ਪਾਸੇ ਦੁਰਾਨੀ ਦੀਆ ਫੌਜਾ ਪਿਆਸ ਬੁਝਾ ਰਹੀਆ ਸਨ ਤੇ ਦੂਜੇ ਪਾਸੇ ਸਿੰਘ ਪਾਣੀ ਪੀ ਰਹੇ ਸਨ। ਇਸ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਦੋਵੇਂ ਧਿਰਾ ਕਿੰਨਾ ਕੁ ਥੱਕ ਗਈਆਂ ਸਨ। ਤੇ ਉਸ ਦਿਨ ਦੀ ਜੰਗ ਕਿਤਨੀ ਭਿਆਨਕ ਸੀ। ਉਥੇ ਤਲਾਬ ਕੋਲ ਵੀ ਲੜਾਈ ਹੋਈ। ਰਾਤ ਪੈਣ ਤੇ ਅਬਦਾਲੀ ਫੌਜਾ ਤਾਂ ਰੁਕ ਗਈਆਂ ਪਰ ਸਿੱਖਾ ਨੇ ਰਾਤ ਨੂੰ ਵੀ ਸਫਰ ਜਾਰੀ ਰੱਖਿਆ ਤੇ ਉਹ ਬਰਨਾਲੇ ਪੁੱਜ ਗਏ। ਇਸ ਸਾਰੀ ਘਟਨਾ ਨੂੰ ਵੱਡਾ ਘਲੂਘਾਰਾ ਆਖ ਕੇ ਯਾਦ ਕੀਤਾ ਜਾਦਾ ਹੈ। ਇਸ ਘਲੂਘਾਰੇ ਵਿਚ, ਹੁਸੈਨ ਸ਼ਾਹੀ, ਤਾਰੀਖੇ ਅਹਿਮਦ, ਸੋਹਣ ਲਾਲ, ਅਲੀ-ਉਦ-ਦੀਨ ਤੇ ਭਾਈ ਰਤਨ ਸਿੰਘ ਦੇ ਕਥਨ ਅਨੁਸਾਰ ਤੀਹ ਹਜ਼ਾਰ ਸਿੰਘ ਸ਼ਹੀਦ ਹੋਏ। ਸਿੱਖ ਕੌਮ ਉੱਤੇ ਇਹ ਇਕ ਨਾ ਮਿਟਣ ਵਾਲੀ ਸੱਟ ਸੀ। ਅੱਧੀ ਕੌਮ ਇਕ ਦਿਨ ਵਿਚ ਹੀ ਸ਼ਹੀਦ ਹੋ ਗਈ ਪਰ ਸੰਸਾਰ ਨੇ ਹੈਰਾਨੀ ਨਾਲ ਪੜ੍ਹਿਆ ਅਤੇ ਇਤਿਹਾਸਕਾਰਾ ਨੇ ਲਿਖਿਆ ਕਿ ਸਿੱਖ ਨਾ ਸਿਰਫ਼ ਚੜ੍ਹਦੀ ਕਲਾ ਵਿਚ ਰਹੇ ਸਗੋਂ ਸ਼ੁਕਰ ਕੀਤਾ। ਸ਼ਾਮ ਨੂੰ ਜਦੋਂ ਰਹਿਰਾਸ ਸਾਹਿਬ ਦਾ ਪਾਠ ਕਰਕੇ ਜੈਕਾਰੇ ਛੱਡੇ ਤਾ ਇਕ ਨਿਹੰਗ ਸਿੰਘ ਨੇ ਉੱਚਾ ਜਿਹਾ ਕਿਹਾ:

"ਤਤ ਖਾਲਸੋ ਸੋ ਰਹਯੋ। ਗਯੋ ਸੋ ਖੋਟ ਗਵਾਇ।"

ਕੋਈ ਇਕ ਵੀ ਸਰਦਾਰ ਨਹੀਂ ਸੀ ਜੋ ਜ਼ਖਮੀ ਨਾ ਹੋਇਆ ਹੋਵੇ। ਕਿਤਨੇ ਹੀ ਸ਼ਹੀਦੀਆ ਪਾ ਗਏ ਜਿਨ੍ਹਾਂ ਦੀ ਗਿਣਤੀ ਕਰਨੀ ਅਸੰਭਵ ਸੀ।

"ਸਰਦਾਰ ਸਭੈ ਜਖਮੀ ਭਏ। ਸਾਬਤ ਰਹਿਯੋ ਨਾ ਕੋਇ।
ਲਈ ਸ਼ਹੀਦੀ ਥੀ ਘਨਨ। ਗਿਣਤੀ ਸਭਨ ਨ ਹੋਇ।"

ਫਿਰ ਸਭ ਤੋਂ ਵੱਡੀ ਗੱਲ ਨਿੰਮੋਝੂਣੇ ਹੋ ਨਾ ਬੈਠੇ ਸਗੋਂ ਉਸੇ ਸਾਲ, ਕੁੱਝ ਹੀ ਮਹੀਨਿਆ ਬਾਅਦ ਮਈ ੧੭੬੨ ਵਿਚ ਜੈਨ ਖਾਨ ਨੂੰ ਜਾਕੇ ਘੇਰ ਲਿਆ।



www.AKJ.Org

ਸ਼ਹੀਦੀ ਸਾਕਾ ਸ੍ਰੀ ਨਨਕਾਣਾ ਸਾਹਿਬ

# ਮਹੰਤ ਨਰੈਣ ਦਾਸ ਦਾ ਤਾਂਡਵ -ਨਾਚ

(ਪਾਧੀ ਨਨਕਾਣਵੀ)

੨੧ ਫਰਵਰੀ ੧੯੨੧ ਦਾ ਅੰਮ੍ਰਿਤ ਵੇਲਾ ਹੋਇਆ, ਪਰ ਇਹ ਆਮ ਦਿਨਾ ਵਰਗਾ ਅੰਮ੍ਰਿਤ ਵੇਲਾ ਨਹੀਂ ਸੀ। ਇਕ ਘੁਟਨ, ਇਕ ਖ਼ੂਨੀ ਸਾਜ਼ਸ਼ ਭਰੇ ਵਾਤਾਵਰਨ ਵਿਚ ਅੰਮ੍ਰਿਤ ਵੇਲਾ ਚੜ੍ਹਿਆ। ਪਰ ਅੱਜ ਉਸ ਪਵਿੱਤਰ ਅਸਥਾਨ 'ਤੇ ਜਿਥੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਆਪਦੇ ਜੀਵਨ ਦੇ ਅਨੇਕ ਅਮੁੱਲੇ ਵਰ੍ਹੇ, ਵਾਹਿਗੁਰੂ ਦਾ ਨਾ ਜਪਦਿਆ ਤੇ ਸੰਸਾਰੀ ਜੀਵਾ ਨੂੰ ਜਪਾਉਂਦਿਆ ਗੁਜ਼ਾਰੇ ਸਨ, ਅੱਜ ਇਕ ਖ਼ੂਨੀ ਹੋਲੀ ਖੇਡੀ ਜਾਣੀ ਸੀ, ਉਸ ਦੇ ਨਾਮ-ਲੇਵਾ ਸਿੱਖਾ ਦੇ ਖ਼ੂਨ ਵਿਚ ਹੱਥ ਰੰਗਣ ਦੀਆ ਤਿਆਰੀਆ ਹੋ ਰਹੀਆ ਸਨ। ਉਸ ਜਨਮ-ਅਸਥਾਨ ਦਾ ਸਰਬਰਾਹ, ਮਹੰਤ ਨਰੈਣ ਦਾਸ ਆਪਣੇ ਬਦਮਾਸ਼ ਕਰਿੰਦਿਆ, ਸਲਾਹਕਾਰਾ ਤੇ ਮਦਦਗਾਰਾ ਦੁਆਰਾ ਲੱਖਾ ਰੁਪਿਆ ਦੀ ਆਮਦਨ ਤੇ ਪੂਜਾ ਦਾ ਧਾਨ ਖਾ ਖਾ ਕੇ ਅੱਜ ਉਸ ਬਿਰਛ ਦੀਆ ਜੜ੍ਹਾ ਵੱਢਣ 'ਤੇ ਤੁਲਿਆ ਬੈਠਾ ਸੀ, ਜਿਸ ਦੀਆ ਸ਼ਾਖਾ 'ਤੇ ਬਹਿ ਕੇ ਉਸ ਸੁਖ ਦੇ ਦਿਨ ਗੁਜ਼ਾਰੇ ਸਨ।

ਖ਼ੈਰ, ਨੇਮ ਅਨੁਸਾਰ ਪੁਜਾਰੀ ਨੇ ਜਨਮ-ਅਸਥਾਨ 'ਤੇ ਪਾਠ ਕੀਤਾ। ਕੁਝ ਜੋਗੀ, ਸਾਧੂ ਜੋ ਨਰੈਣ ਦਾਸ ਦੇ ਹਮਾਇਤੀ ਤੇ ਉਸ ਦੀਆ ਸਾਜ਼ਸ਼ਾ ਵਿਚ ਸ਼ਾਮਲ ਸਨ, ਉਹ ਵੀ ਦੀਵਾਨ ਵਿਚ ਆ ਕੇ ਇਸ ਤਰ੍ਹਾਂ ਬੈਠ ਗਏ, ਜਿਵੇਂ ਸਵੇਰ ਦਾ ਦੀਵਾਨ ਵੀ ਆਮ ਦਿਨਾ ਵਰਗਾ ਹੀ ਹੈ। ਸਭ ਪਹਿਰੇਦਾਰਾ ਦੀਆ ਨਿਗਾਹਾ ਜਨਮ-ਅਸਥਾਨ ਦੇ ਅੰਦਰ ਤੇ ਬਾਹਰ ਵੱਲ ਦੂਰ-ਦੂਰ ਤਕ ਜਾ ਰਹੀਆ ਸਨ। ਉਹ ਬੜੀ ਬੇਕਰਾਰੀ ਨਾਲ ਸਿੱਖਾ ਦੇ ਜੱਥੇ ਦੀ ਉਡੀਕ ਕਰ ਰਹੇ ਸਨ। ਜਿਉਂ ਜਿਉਂ ਪਹੁ ਫੁਟ ਰਹੀ ਸੀ, ਉਹਨਾ ਦੇ ਮਨਾ ਅੰਦਰ ਇਕ ਤਰ੍ਹਾਂ ਦੀ ਘਬਰਾਹਟ ਜਿਹੀ ਫੈਲਦੀ ਜਾ ਰਹੀ ਸੀ।

ਕੋਈ ਛੇ ਕੁ ਵਜੇ, ਕੋਈ ਦੋ ਕੁ ਸੌ ਦੇ ਕਰੀਬ ਧਰਮੀ ਪਤੰਗਿਆ ਦਾ ਜੱਥਾ ਭਾਈ ਲਛਮਣ ਸਿੰਘ (ਧਾਰੋਵਾਲੀਏ) ਦੀ ਜਥੇਦਾਰੀ ਹੇਠ ਗੁ: ਜਨਮ ਅਸਥਾਨ ਦੀ ਵਿਸਾਲ ਦਰਸ਼ਨੀ ਡਿਉਢੀ ਦੇ ਸਾਹਮਣੇ ਆਣ ਖਲੋਤਾ। ਸਭ ਸਿੱਖਾ ਨੇ ਜੋੜੇ ਉਤਾਰੇ, ਦਰਸ਼ਨੀ ਡਿਉਢੀ 'ਤੇ ਸੀਸ ਨਿਵਾਇਆ, ਸਰਦਲ ਨੂੰ ਚੁੰਮਿਆ, ਬਾਬੇ ਨਾਨਕ ਦੇ ਦਰ ਦੀ ਧੂੜੀ ਨਾਲ ਆਪਣਾ ਮਸਤਕ ਧੰਨ ਧੰਨ ਕੀਤਾ, ਤੇ ਇਉਂ ਸਾਰੇ ਹੀ ਸਿੰਘ 'ਧੰਨ ਗੁਰੂ ਨਾਨਕ' ਦੀ ਧੁਨੀ ਆਪੋ ਆਪਣੀ ਹਿਰਦਿਆ ਵਿਚ ਜਪਦੇ ਅੰਦਰ ਦਾਖ਼ਲ ਹੋ ਗਏ। ਹਰਿਮੰਦਰ ਸਾਹਿਬ ਅੱਗੇ ਸਿਰ ਝੁਕਾ ਕੇ ਕੁਝ ਸਿੰਘ ਤਾ ਉਥੇ ਹੀ ਬੈਠ ਗਏ, ਤੇ ਕੁਝ ਇਧਰ-ਉਧਰ ਦਰਵਾਜ਼ਿਆ ਅਤੇ ਹਰਿਮੰਦਰ ਦੇ ਅੱਗੇ ਪਿੱਛੇ ਖੜ੍ਹੇ ਗਏ। ਭਾਈ ਲਛਮਣ ਸਿੰਘ ਜੀ, ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ। ਉਹਨਾ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤਰ ਹੁਕਮਨਾਮਾ ਲਿਆ, ਜੋ ਸਾਰੀ ਸੰਗਤ ਨੇ ਬੜੇ ਵਜਦ ਵਿਚ ਆ ਕੇ ਸੁਣਿਆ, ਤੇ ਫਿਰ ਸਿੰਘਾ ਨੇ ਭਾਈ ਲਛਮਣ ਸਿੰਘ ਦੇ ਇਸ਼ਾਰੇ 'ਤੇ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ ਕਰ ਦਿੱਤਾ। ਸਿੰਘ ਕੀਰਤਨ ਵਿਚ ਮੰਤਰ-ਮੁਗਧ ਹੋ ਗਏ ਅਤੇ ਮੱਕਾਰ ਜੋਗੀ, ਸਾਧੂ ਅਤੇ ਮਹੰਤ ਦੇ ਭਾੜੇ ਦੇ ਟੱਟੂ, ਨੌਕਰ-ਚਾਕਰ ਦੀਵਾਨ ਵਿਚੋਂ ਖਿਸਕਣੇ ਸ਼ੁਰੂ ਹੋ ਗਏ। ਗੁਰਦਿੱਤ ਸਿੰਘ ਮਹੰਤ ਦੇ ਹਮਾਇਤੀ ਨੇ ਪਹਿਲਾ ਮਿਥੇ ਪ੍ਰੋਗਰਾਮ ਅਨੁਸਾਰ ਦਰਸ਼ਨੀ ਡਿਉਢੀ ਦਾ ਕੁੰਡਾ ਅੰਦਰੋਂ ਬੰਦ ਕਰ ਲਿਆ, ਤਾ ਜੋ ਕੋਈ ਸਿੱਖ ਬਚ ਕੇ ਬਾਹਰ ਨਾ ਜਾ ਸਕੇ। ਕੁਝ ਸਿੰਘਾ ਨੇ, ਜੋ ਇਹਨਾ ਜੋਗੀਆ ਦੀਆ ਹਰਕਤਾ ਬੜੀ ਨੀਝ ਨਾਲ ਵੇਖ ਰਹੇ ਸਨ, ਜਦੋਂ ਦਰਸ਼ਨੀ ਡਿਉਢੀ ਦਾ ਦਰਵਾਜ਼ਾ ਬੰਦ ਹੁੰਦਾ ਡਿੱਠਾ, ਤਾ ਉਹਨਾ ਦੇ ਮਨਾ ਵਿਚ ਸ਼ੰਕਿਆ ਨੇ ਵੀ ਜਨਮ ਲਿਆ, ਪਰ ਉਹਨਾ ਕੋਈ ਵਿਸ਼ੇਸ਼ ਮਹੱਤਤਾ ਨਹੀਂ ਦਿੱਤੀ ਤੇ ਉਹ ਟਿਕ ਕੇ ਬੈਠੇ ਰਹੇ। ਮਹੰਤ ਦੇ ਸਾਰੇ ਹੀ ਕਰਿੰਦੇ, ਉਸ ਵੱਲ ਵੇਖ ਰਹੇ ਸਨ, ਜੋ ਆਪਣੇ ਘਰ ਦੇ ਮਹਿਮਾਨ-ਖਾਨੇ ਦੇ ਬਾਹਰ ਖੜ੍ਹਾ ਹੋਇਆ ਸੀ। ਕੁਝ ਪਲਾ ਪਿਛੋਂ ਮਹੰਤ ਨੇ ਹੱਥ ਉੱਚਾ ਕਰ ਕੇ ਰੁਮਾਲ ਹਿਲਾਇਆ, ਤੇ ਇਸ ਦੇ ਨਾਲ ਹੀ ਗੋਲੀਆ ਦੀ ਵਾਛੜ ਸ਼ੁਰੂ ਹੋ ਗਈ, ਜਿਸ ਨਾਲ ਜਨਮ-ਅਸਥਾਨ ਤੇ ਨਵੀਂ ਆਬਾਦੀ ਤਾ ਕੀ ਸਾਰਾ ਨਨਕਾਣਾ ਜਿਵੇਂ ਗੂੰਜ ਉਠਿਆ। ਇਧਰ-ਉਧਰ ਖੜ੍ਹੇ ਅਤੇ ਦੀਵਾਨ ਵਿਚ ਖੁਲ੍ਹੇ-ਅਸਮਾਨ ਥੱਲੇ ਬੈਠੇ ਸਿੰਘ ਇਕਦਮ ਗੋਲੀਆ ਦਾ ਨਿਸ਼ਾਨਾ ਬਣਨੇ ਸ਼ੁਰੂ ਹੋ ਗਏ। ਇਕ ਇਕ ਸਿੰਘ ਨੂੰ ਕਈ ਕਈ ਗੋਲੀਆ



www.AKJ.Org

ਵੱਜੀਆ, ਤੇ ਲਹੂ ਦੇ ਪਰਨਾਲੇ ਛੁੱਟ ਪਏ। ਕੁਝ ਸਿੰਘ ਹਰਿਮੰਦਰ ਸਾਹਿਬ ਦੇ ਅੰਦਰ ਵੜ ਗਏ, ਤੇ ਉਹਨਾਂ ਹਰਿਮੰਦਰ ਸਾਹਿਬ ਦੇ ਚਾਰੇ ਦਰਵਾਜ਼ੇ ਅੰਦਰੋਂ ਬੰਦ ਕਰ ਲਏ। ਸਾਰੇ ਸਿੰਘਾਂ ਦੀਆ ਅੱਖਾ ਵਿਚ ਖ਼ੂਨ ਉਤਰਿਆ ਹੋਇਆ ਸੀ, ਪਰ ਭਾਈ ਲਛਮਣ ਸਿੰਘ ਨੇ ਉਹਨਾਂ ਨੂੰ ਸ਼ਾਂਤਮਈ ਰਹਿ ਕੇ ਸ਼ਹੀਦੀਆ ਪਾਉਣ ਦਾ ਆਪਣਾ ਪ੍ਰਣ ਦੁਹਰਾਇਆ ਅਤੇ ਕਿਹਾ, ਕਿ ਭਾਵੇਂ ਅਸੀਂ ਸਾਰੇ ਏਥੇ ਸ਼ਹੀਦ ਹੋ ਜਾਈਏ, ਜਨਮ ਅਸਥਾਨ ਦੀ ਪਵਿੱਤਰਤਾ ਬਹਾਲ ਕਰਨ ਲਈ, ਪਰ ਅਸਾਂ ਨੇ ਹੱਥ ਨਹੀਂ ਚੁਕਣਾ। ਸਾਡੀਆ ਸ਼ਹੀਦੀਆ, ਸਾਡਾ ਖ਼ੂਨ ਹੀ ਇਹਨਾ ਬਿੱਲੇ ਹਾਕਮਾ ਦੀ ਅੰਤਰ-ਆਤਮੇ ਨੂੰ ਟੁੰਬ ਸਕਦਾ ਹੈ, ਤੇ ਇਹੋ ਰਾਹ ਹੈ, ਗੁਰਦੁਆਰਾ ਜਨਮ-ਅਸਥਾਨ ਨੂੰ ਆਜ਼ਾਦ ਕਰਾਉਣ ਦਾ, ਏਸ ਮਹਾਨ ਗੁਰਧਾਮ ਦੀ ਪਵਿੱਤਰਤਾ ਨੂੰ ਮੁੜ ਕੇ ਬਰਕਰਾਰ ਕਰਨ ਦਾ।

-ਹਰਿਮੰਦਰ ਸਾਹਿਬ ਵਿਚ ਦਸਾ ਕੁ ਸਾਲਾ ਦੇ ਬਾਲਕ, ਦਰਬਾਰਾ ਸਿੰਘ ਨੂੰ ਕੁਝ ਸਿੰਘਾ ਨੇ ਇਕ ਅਲਮਾਰੀ ਵਿਚ ਬੰਦ ਕਰ ਦਿੱਤਾ, ਮਤਾਂ ਉਹ ਬਚ ਜਾਏ, ਪਰ ਉਹ ਬੱਚਾ ਬਰਾਬਰ ਬਾਹਰ ਆ ਕੇ ਸ਼ਹੀਦੀ ਪਾਉਣ ਲਈ ਵਿਲ੍ਹਕਦਾ ਰਿਹਾ।

-ਬਾਹਰ ਗੋਲੀਆਂ ਦੀ ਲਗਾਤਾਰ ਬਾਰਸ਼ ਹੁੰਦੀ ਰਹੀ। ਸਿੰਘਾਂ ਨੂੰ ਏਧਰ-ਓਧਰ ਓਟ ਲੈਂਦਿਆ ਵੇਖ ਕੇ, 'ਰਿਹਾਣੇ' ਬਦਮਾਸ਼ ਨੇ ਕਿਹਾ :

"ਖਾਲਸਾ ਜੀ ਜ਼ਰਾ ਸਿੱਧੇ ਹੋ ਕੇ ਸੀਸ ਦਿਓ।"

ਅੱਗੋਂ ਇਹ ਸਿੰਘ ਨੇ ਉੱਤਰ ਦਿੱਤਾ :-

"ਅਫਸੋਸ ਏ ਮੁਸੱਲੀਆ, ਕਿ ਅਸੀਂ ਸ਼ਾਂਤਮਈ ਰਹਿਣ ਦਾ ਪ੍ਰਣ ਕੀਤਾ ਹੋਇਐ, ਨਹੀਂ ਤਾ ਅਸੀਂ ਤਾ ਦਸਾਂ ਦਸਾ ਨੂੰ ਇਕੱਲੇ ਹੀ ਬੜੇ ਸਾਂ।" ਗੋਲੀਆਂ ਨਾਲ ਸਿੰਘ ਦਮ ਤੋੜਨ ਲੱਗੇ, ਇਕ ਤਰਥੱਲੀ ਜਿਹੀ ਮੱਚ ਗਈ। ਉਹਨਾ ਨੇ ਆਪਣੇ ਖ਼ੂਨ ਨਾਲ ਗੁਰੂ ਨਾਨਕ ਦੇ ਵਿਸ਼ਾਲ ਦਰ-ਘਰ ਨੂੰ ਲਾਲਾਜ਼ਾਰ ਬਣਾ ਦਿੱਤਾ। ਕੁਝ ਪਠਾਣ ਬੰਦੂਕਾ ਫੜੀ ਥੱਲੇ ਪਰਕਰਮਾ ਵਿਚ ਉਤਰ ਆਏ, ਤੇ ਲੱਗੇ ਓਟ ਖੜ੍ਹੇ ਸਿੰਘਾਂ ਦਾ ਸ਼ਿਕਾਰ ਕਰਨ। ਇਸ ਪਿਛੋਂ ਉਹ ਹਰਿਮੰਦਰ ਸਾਹਿਬ ਵੱਲ ਵਧੇ, ਜਿਸ ਵਿਚ ਭਾਈ ਲਛਮਣ ਸਿੰਘ, ਸਣੇ ਕੁਝ ਕੁ ਸਿੰਘਾਂ ਦੇ ਅੰਦਰ ਬੰਦ ਸਨ। ਜ਼ਾਲਮਾਂ ਚੌਖੰਡੀ ਦੇ ਚਾਂਦੀ ਦੇ ਦਰਵਾਜ਼ਿਆਂ ਵਿਚ ਮੋਰੀਆ ਕਰ ਕੇ ਸਿੰਘਾਂ ਨੂੰ ਗੋਲੀਆਂ ਦਾ ਨਿਸ਼ਾਨਾ ਬਣਾਉਣਾ ਸ਼ੁਰੂ ਕਰ ਦਿੱਤਾ, ਤੇ ਇੰਜ ਚੌਖੰਡੀ ਵਿਚ ਬੰਦ ਸਿੰਘ ਵੀ ਸ਼ਹੀਦ ਹੋਣ ਲੱਗੇ, ਤੇ ਲਹੂ ਵਗਣ ਨਾਲ ਬਾਹਰਲਾ ਚੁਬੱਚਾ ਵੀ ਖ਼ੂਨ ਨਾਲ ਉੱਛਲ ਪਿਆ, ਪਰ ਫਿਰ ਵੀ ਜ਼ਾਲਮਾਂ ਨੂੰ ਸਬਰ ਨਹੀਂ ਆਇਆ। ਮਹੰਤ ਦੇ ਹੁਕਮ ਨਾਲ ਚੌਖੰਡੀ, ਅਥਵਾ ਹਰਿਮੰਦਰ ਸਾਹਿਬ ਦੇ ਦਰਵਾਜ਼ੇ ਤੋੜ ਦਿੱਤੇ ਗਏ। ਅੰਦਰ ਵੜ ਕੇ ਪਹਿਲਾ, ਸਿੰਘਾ ਨੂੰ ਗੋਲੀਆ ਮਾਰੀਆਂ, ਫਿਰ ਉਹਨਾ ਨੂੰ ਕੇਸਾ ਤੇ ਟੰਗਾ ਤੋਂ ਘਸੀਟ-ਘਸੀਟ ਕੇ ਬਾਹਰ ਕੱਢਿਆ ਗਿਆ ਅਤੇ ਉਹਨਾਂ ਦੇ ਸਰੀਰਾ ਦੇ ਮੋਛੇ ਲਾਹੇ ਗਏ। ਮਹੰਤ ਦੇ ਹੁਕਮ ਨਾਲ ਭਾਈ ਲਛਮਣ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿੱਚੋਂ ਘਸੀਟ ਕੇ ਬਾਹਰ ਲਿਆਂਦਾ ਗਿਆ ਅਤੇ ਫਿਰ ਉਸ ਨੂੰ ਪੰਜ-ਛੇ ਬਦਮਾਸ਼ਾ ਨੇ ਇਕ ਜੰਡ ਦੇ ਦਰਖੱਤ ਨਾਲ ਬੰਨ੍ਹ ਕੇ ਪੁੱਠਾ ਟੰਗ ਦਿੱਤਾ। ਇਕ ਨੇ ਮਿੱਟੀ ਦੇ ਤੇਲ ਦਾ ਪੀਪਾ ਉਤੇ ਰੋੜ੍ਹਿਆ ਅਤੇ ਦੂਜੇ ਨੇ ਤੀਲੀ ਬਾਲ ਦਿੱਤੀ। ਮਿੰਟਾ-ਸਕਿੰਟਾ ਵਿਚ ਹੀ ਭਾਈ ਲਛਮਣ ਸਿੰਘ ਦੇ ਸਰੀਰ ਨੇ ਅੱਗ ਫੜ ਲਈ, ਤੇ ਇੰਜ ਉਹ ਜੀਊਂਦਾ ਹੀ ਅਗਨ-ਭੇਂਟ ਹੋ ਗਿਆ। ਇਸ ਸਾਰੀ ਮੁਹਿੰਮ ਦੀ ਅਗਵਾਈ ਖ਼ੁਦ ਮਹੰਤ ਨਰੈਣ ਦਾਸ ਅੰਗਰੇਜ਼ ਹਾਕਮਾ ਦੀ ਸ਼ਹਿ 'ਤੇ ਕਰ ਰਿਹਾ ਸੀ, ਤਾ ਜੋ ਅਕਾਲੀਆ ਨੂੰ ਸਬਕ ਸਿਖਾਇਆ ਜਾ ਸਕੇ, ਆਜ਼ਾਦੀ ਸੰਗਰਾਮ ਵਿਚ ਵਧ ਚੜ੍ਹ ਕੇ ਹਿੱਸਾ ਲੈਣ ਦਾ। ਉਹ ਆਪ ਵੀ ਘੋੜੇ 'ਤੇ ਚੜ੍ਹ ਕੇ ਪਿਸਤੌਲ ਨਾਲ ਸਿੰਘਾਂ ਤੇ ਗੋਲੀਆ ਚਲਾਉਂਦਾ ਅਤੇ ਨਾਲੇ ਹੁਕਮ ਸੁਣਾਈ ਜਾਂਦਾ ਸੀ।

ਹਰੀ ਦਾਸ .... ਤੇ ਦੋ ਕੁ ਹੋਰ ਸਾਧੂ, ਮਹੰਤ ਨੇ ਆਪਣੇ ਕਰਿੰਦੇ ਗੁਰਦਿੱਤ ਸਿੰਘ ਰਾਹੀਂ ਆਪ ਮਰਵਾਏ ਸਨ, ਤਾਂ ਜੋ ਇਲਜ਼ਾਮ ਅਕਾਲੀਆਂ 'ਤੇ ਥੋਪਿਆ ਜਾ ਸਕੇ ਅਤੇ ਕਾਨੂੰਨ ਦੀ ਜ਼ੱਦ ਤੋਂ ਬਰੀ ਹੋਣ ਦਾ ਰਾਹ ਲੱਭਿਆ ਜਾ ਸਕੇ।

ਤੇ ਇੰਜ ਸਮੂਹ ਜ਼ਖਮੀ, ਸਿਸਕਦੇ ਤੇ ਸ਼ਹੀਦ ਹੋ ਚੁੱਕੇ ਸਿੰਘਾ ਦੇ ਸਰੀਰਾ ਦੇ ਟੁਕੜੇ-ਟੁਕੜੇ ਕਰ ਦਿੱਤੇ



www.AKJ.Org

ਗਏ। ਪਲਾ ਵਿਚ ਹੀ ਲੱਕੜ ਦੇ ਢੇਰ ਲੱਗ ਗਏ। ਲਾਸ਼ਾ ਨੂੰ ਸਮੇਟਣ ਲਈ ਪੰਜ ਵੱਡੀਆ ਚਿਖਾਵਾ ਤਿਆਰ ਕੀਤੀਆ ਗਈਆ। ਵੱਢੇ-ਟੁੱਕੇ ਸਿੰਘਾ ਦੀਆ ਲਾਸ਼ਾ, ਉਹਨਾਂ ਦੇ ਧੜ, ਲੱਤਾ, ਬਾਹਾਂ, ਸਿਰ ਤੇ ਕੇਸ, ਜੋ ਖੂਨ ਨਾਲ ਲੱਥ-ਪੱਥ ਹੋਏ ਪਏ ਸਨ, ਅੱਗ ਵਿੱਚ ਸੁੱਟ ਦਿੱਤੇ ਗਏ, ਤੇ ਉਤੇ ਬੇਸ਼ੁਮਾਰ ਤੇਲ ਦੇ ਪੀਪੇ ਰੋਹੜ ਦਿੱਤੇ ਗਏ। ਜਨਮ-ਅਸਥਾਨ ਦੇ ਅੰਦਰ ਹੀ ਸਿੰਘਾ ਦਾ ਸਸਕਾਰ ਹੋ ਰਿਹਾ ਸੀ, ਪਾਪੀਆ ਤੇ ਕਾਤਲਾ ਹੱਥੋ ਚੋਖੰਡੀ ਵਿਚੋਂ ਹੀ ਇਕ ਬੁਚੱੜ ਨੇ ਇਕ ਬੱਚੇ ਦੀ ਚੀਖਣ ਦੀ ਆਵਾਜ ਸੁਣੀ। ਉਸ ਅਲਮਾਰੀ ਨੂੰ ਤੋੜ ਕੇ ਬਾਲ ਦਰਬਾਰਾ ਸਿੰਘ ਨੂੰ ਬਾਹਰ ਕੱਢਿਆ ਅਤੇ ਮਹੰਤ ਸਾਹਮਣੇ ਪੇਸ਼ ਕਰਦਿਆਂ ਹੋਇਆ ਉਸ ਨੇ ਤੇ ਉਸ ਦੇ ਜੁੰਡਲੀਦਾਰਾ ਨੇ ਕਿਹਾ :

"ਮਹੰਤ ਜੀ, ਏਹਦਾ ਕੀ ਕਰੀਏ ?"

"ਉਏ ਕੰਜਰੋ, ਇਹ ਵੀ ਸਿੱਖ ਜੇ। ਕਰੋ ਇਹਨੂੰ ਵੀ ਹਲਾਲ, ਨਹੀਂ ਤੇ ਵੱਡਾ ਹੋ ਕੇ ਇਹ ਵੀ ਅਕਾਲੀ ਬਣੂ"

–ਜਲਾਦਾ ਨੇ ਝੱਟ, ਬਾਲਕ ਦਰਬਾਰਾ ਸਿੰਘ ਨੂੰ ਬਾਹਵਾ ਅਤੇ ਟੰਗਾ ਤੋਂ ਫੜਿਆ ਅਤੇ ਅੱਗ ਦੇ ਬਲ ਰਹੇ ਭੱਠ ਵਿਚ ਸੁੱਟ ਦਿੱਤਾ ਤੇ ਉਹ ਮਾਸੂਮ, ਜੀਊਂਦਾ ਹੀ ਸੜ ਮੋਇਆ ਅਤੇ ਆਪਣੇ ਬਾਪੂ ਦੇ ਪਿੱਛੇ-ਪਿੱਛੇ ਹੀ ਗੁਰੂ ਨਾਨਕ ਦੀ ਗੋਦ ਵਿਚ ਜਾ ਬੈਠਾ। ਇੰਜ ੨੦੦ ਦੇ ਕਰੀਬ, ਬੇ-ਕਸੂਰੇ ਸਿੰਘ ਆਪਣੇ ਖੂਨ ਨਾਲ ਗੁਰੂ ਨਾਨਕ ਦੇ ਦਰ-ਘਰ ਨੂੰ ਸਿੰਜ ਕੇ ਤੁਰਦੇ ਹੋਏ।

ਜਨਮ-ਅਸਥਾਨ ਦੀ ਸੱਜੀ ਬਾਹੀ ਬਾਹਰਵਾਰ ਮਿੱਟੀ ਦੇ ਭਾਂਡੇ ਬਣਾਉਣ ਲਈ ਇਕ ਆਵੀ ਭਖੀ ਹੋਈ ਸੀ। ਮਹੰਤ ਘੋੜੇ ਤੇ ਅਸਵਾਰ ਹੋ ਕੇ ਹੱਥ ਵਿਚ ਪਿਸਤੌਲ ਫੜੀ ਆਪਣੇ ਕੁਝ-ਕੁ ਨੌਕਰਾ ਨਾਲ ਉਥੇ ਪਹੁੰਚਿਆ ਹੀ ਸੀ, ਕਿ ਭਾਈ ਦਲੀਪ ਸਿੰਘ ਅਤੇ ਮੁਣਸ਼ੀ ਵਰਿਆਮ ਸਿੰਘ ਸਾਹੋ-ਸਾਹ ਹੋਏ ਹੋਏ, ਮਹੰਤ ਦੇ ਸਾਹਮਣੇ ਜਾ ਖਲੋਤੇ। ਗੋਲੀ ਚੱਲਣ ਦੀ ਆਵਾਜ਼ ਸੁਣ ਕੇ ਇਹ ਦੋਵੇਂ, ਸ. ਉੱਤਮ ਸਿੰਘ ਦੇ ਕਾਰਖਾਨੇ, ਚਾਹ ਦਾ ਪਿਆਲ ਵਿਚੇ ਛੱਡ ਕੇ ਜਨਮ-ਅਸਥਾਨ ਵੱਲ ਦੌੜ ਪਏ ਸਨ, ਮਹੰਤ ਨੂੰ ਵਰਜਣ ਵਾਸਤੇ। ਮਹੰਤ ਦੇ ਖੂਨੀ ਚਿਹਰੇ ਨੂੰ ਵੇਖਦਿਆਂ ਹੀ ਸਾਹੋ-ਸਾਹ ਹੋਏ, ਭਾਈ ਦਲੀਪ ਸਿੰਘ ਨੇ ਚੀਖ ਕੇ ਕਿਹਾ :

"ਓਇ ਮਹੰਤ ਨਰੈਣ ਦਾਸ.... ਬੇਲੀਆ, ਗੁਰੂ ਨਾਨਕ ਦਾ ਵਾਸਤਾ ਈ, ਇਹ ਕਹਿਰ ਬੰਦ ਕਰ ਦੇ। ਓਇ ਮੈਂ ਤੈਨੂੰ ਮੁਆਫੀ ਦੁਆ ਦੇਵਾਗਾ.... ਪੰਥ ਕੋਲੋਂ।....। ਵੇਖ, ਮੈਂ ਤੇਰਾ ਬੇਲੀ ਦਲੀਪ ਸਿੰਘ ਆ...।"

"ਹੱਛਾ-ਦਲੀਪ ਸਿੰਘ....ਤੂੰ ਵੀ ਅਕਾਲੀਆਂ ਦਾ ਜੱਥੇਦਾਰ ਏਂ ਨਾ... ਤੇਰੀ ਮੌਤ ਵੀ ਮੇਰੇ ਹੱਥੋਂ ਹੀ ਹੋਣੀ ਏ। ਚਲ, ਤੈਨੂੰ ਵੀ ਮਜ਼ਾ ਚਖਾਵਾ, ਅਕਾਲੀਆਂ ਦੀ ਮਦਦ ਕਰਨ ਦਾ"

ਤੇ ਫਿਰ ਉਸ ਨੇ ਫਾਇਰ ਕਰ ਕੇ ਭਾਈ ਦਲੀਪ ਸਿੰਘ ਦੀ ਛਾਤੀ ਨੂੰ ਛਲਨੀ-ਛਲਨੀ ਕਰ ਦਿੱਤਾ। ਲਹੂ ਦਾ ਇਕ ਫੁਹਾਰਾ ਨੌਜੁਵਾਨ ਭਾਈ ਦਲੀਪ ਸਿੰਘ ਦੀ ਛਾਤੀ ਤੋਂ ਵਹਿ ਤੁਰਿਆ। ਭਾਈ ਵਰਿਆਮ ਸਿੰਘ, ਭਾਈ ਦਲੀਪ ਸਿੰਘ ਨੂੰ ਸੰਭਾਲਣ ਲਈ ਅੱਗੇ ਵਧਿਆ ਹੀ ਸੀ ਕਿ ਦੋ ਗੋਲੀਆ ਉਸ ਦੇ ਸੀਨੇ ਨੂੰ ਵੀ ਪਾਰ ਕਰ ਗਈਆਂ, ਤੇ ਉਹ ਵੀ ਦਲੀਪ ਸਿੰਘ ਦੇ ਨਾਲ ਹੀ ਧਰਤੀ ਤੇ ਢੇਰ ਹੋ ਗਿਆ। ਦੋਵੇਂ ਸਿੰਘ, ਅਜੇ ਸਿਸਕ ਹੀ ਰਹੇ ਸਨ, ਕਿ ਮਹੰਤ ਨੇ ਝੱਟਪਟ ਨਵਾਂ ਹੁਕਮ ਸੁਣਾਇਆ :

"ਓਏ ਬੇਲੀਓ–ਇਹਨਾਂ ਦੀਆ ਲਾਸ਼ਾਂ ਨੂੰ ਇਸੇ ਆਵੀ ਵਿਚ ਸੁੱਟ ਦਿਉ, ਤਾ ਜੋ ਇਹਨਾਂ ਦਾ ਨਾਮੋ-ਨਿਸ਼ਾਨ ਮਿਟ ਜਾਏ... ਤੇ ਕੋਈ ਜਾਓ ਓਏ ਉਸ ਵੱਡੇ ਕਾਰਖ਼ਾਨੇਦਾਰ ਉਤਮ ਸਿੰਘ ਦੇ ਘਰ, ਉਸ ਨੂੰ ਵੀ ਮਜ਼ਾ ਚਖਾਓ ਜ਼ਰਾ, ਅਕਾਲੀਆਂ ਦੀ ਹਮਾਇਤ ਕਰਨ ਦਾ। ਅੱਜ ਨਨਕਾਣੇ 'ਚ ਆਪਾ ਦਾ ਈ ਰਾਜ ਏ।"

ਤੇ ਭਾੜੇ ਦੇ ਟੱਟੂਆਂ ਨੇ ਦੋਹਾ ਸਿਸਕਦਿਆ ਸਿੰਘਾ ਨੂੰ ਜੋ ਖੂਨ ਨਾਲ ਲੱਥ-ਪੱਥ ਹੋਏ ਪਏ ਸਨ, ਚੁਕਿਆ ਅਤੇ ਫਿਰ ਭੱਖਦੀ, ਲਾਲ ਅੰਗਿਆਰ ਹੋਈ ਹੋਈ ਆਵੀ ਵਿਚ ਝੋਂਕ ਦਿੱਤਾ। ਪਲਾ ਵਿਚ ਹੀ ਦੋਵੇਂ ਸਿੰਘ ਵੀ ਰਾਖ ਦਾ ਢੇਰ ਹੋ ਕੇ ਰਹਿ ਗਏ।

ਤੇ ਇੰਜ ਹੀ ੨੧ ਫਰਵਰੀ ਸੰਨ ੧੯੨੧ ਨੂੰ ਸਰਘੀ ਵੇਲੇ, ਮਹੰਤ ਨਰੈਣ ਦਾਸ ਨੇ ਜਨਮ-ਅਸਥਾਨ ਸ੍ਰੀ ਨਨਕਾਣਾ ਸਾਹਿਬ ਅੰਦਰ ਅਜਿਹਾ ਤਾਂਡਵ ਨਾਚ ਨੱਚਿਆ, ਜਿਸ ਨੂੰ ਵੇਖ ਸੁਣ ਕੇ ਇਨਸਾਨ ਤਾ ਕੀ, ਹੈਵਾਨ ਵੀ ਖੂਨ ਦੇ ਹੰਝੂ ਰੋ ਰਹੇ ਸਨ, ਜਿਹੜਾ ਕਿ ਪਹਿਲਾਂ ਕਦੀ ਕਿਸੇ ਸੁਣਿਆ-ਡਿੱਠਾ ਨਹੀਂ ਸੀ।



www.AKJ.Org

# ਆਤਮਰਾਮ ਨਿਹਾਰਿਆ

*(ਭਗਵੰਤ ਸਿੰਘ ਦਲਾਵਰੀ)*

ਕਈ ਦਿਨ ਤੋਂ ਮੇਰੇ ਮਨ ਵਿਚ ਗੁਰੂ ਗ੍ਰੰਥ ਸਾਹਿਬ ਦੀਆਂ ਕਰਾਮਾਤਾ ਹਰ ਤੁਕ ਵਿਚੋਂ ਪ੍ਰਗਟ ਹੋ ਰਹੀਆ ਹਨ ਤੇ ਮੁੜ ਮੁੜ ਯਾਦ ਕਰਾ ਰਹੀਆ ਹਨ ਕਿਤੇ ਭੁੱਲ ਕੇ ਵੀ ਦ੍ਰਿਸ਼ਟ ਗੁਰੂ ਦੇ ਝਾਸੇ ਵਿਚ ਨਾ ਆ ਜਾਵੀਂ। ਜੀਂਵਦਾ ਜਾਗਦਾ ਗੁਰੂ ਸ਼ਬਦ ਗੁਰੂ ਹੈ ਤੇ ਕਾਮਲ ਹੈ। ਜਿਸ ਗੁਰੂਆਂ ਦੀ ਲੜੀ ਨੇ ਇਸ ਨੂੰ last perpetual ਗੁਰੂ ਸਥਾਪਿਤ ਕੀਤਾ ਸੀ, ਉਹ ਆਪ ਕਾਮਲ ਸਨ। ਹੁਣ ਤਾਂ ਇੱਟ ਪੁੱਟੋ ਤਾ ਗੁਰੂ ਜਾਂ ਸੰਤ ਨਿਕਲਦਾ ਹੈ, ਪਰ ਜੋ ਪੂਰਨਤਾ ਸ਼ਬਦ ਗੁਰੂ ਵਿਚ ਹੈ ਉਹ ਨਾ ਕਿਸੇ ਵਿਚ ਸੀ, ਨਾ ਹੈ, ਨਾ ਹੋਵੇਗੀ ਅਤੇ ਇਹ ਦ੍ਰਿੜ੍ਹਤਾ ਮਿਲਦੀ ਹੈ ਗੁਰੂ ਦੇ ਆਪਣੇ ਬਚਨਾ ਤੋਂ ਕਿਉਂਕਿ ਵਿਅਕਤੀਤਵ ਵਿਚ ਹੁੰਦਿਆ ਵੀ ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤਕ, ਸਭ ਨੇ ਸ਼ਬਦ ਦੀ ਮਹਾਨਤਾ ਤੇ ਜ਼ੋਰ ਦਿੱਤਾ। ਉਹੀ ਜੋਤ ਜੋ ਗੁਰੂ ਨਾਨਕ ਆਪਣੇ ਗੁਰੂ, ਵਾਹਿਗੁਰੂ ਤੋਂ ਲੈ ਕੇ ਆਏ, ਵਾਰੋ ਵਾਰੀ ਗੁਰੂ ਸਾਹਿਬਾਨ ਵਿਚ ਆ ਕੇ ਗੁਰੂ ਗ੍ਰੰਥ ਸਾਹਿਬ ਵਿਚ ਸਮਾ ਕੇ ਜਗਮਗ ਕਰ ਰਹੀ ਹੈ ਤੇ ਸਾਰੀ ਇਨਸਾਨੀਅਤ ਦੀ ਅਗਵਾਈ ਕਰ ਰਹੀ ਹੈ, ਪਰ "ਲੀਨੀ ਜਿਸ ਮਸਤਕ ਭਾਗ"।

ਹਰਿਮੰਦਰ ਸਾਹਿਬ ਤੋਂ ਸ਼ਬਦ ਆਇਆ ਸੀ, "ਗਾਈਐ ਰੈਣ ਦਿਨੰਤ ਗਾਵਣ ਜੋਗਿਆ।" ਕਮਾਲ ਹੈ ਸਾਡਾ ਧਰਮ, ਸਾਡਾ ਵਿਸ਼ਵਾਸ, ਸਾਡਾ ਪ੍ਰੇਮ-ਬਸ-ਇਤਨਾ ਹੀ-ਦਿਨ ਰਾਤ ਉਸ ਨੂੰ ਗਾਣਾ ਹੈ ਜਿਹੜਾ ਗਾਵਣ ਯੋਗ ਹੈ। ਕੀ ਮਤਲਬ ?

(੧) ਉਸਤਤ ਕਰ (੨) ਦਿਨ ਰਾਤ ਕਰ (੩) ਜਿਹੜਾ ਉਸਤਤ ਯੋਗ ਹੈ। ਕਿਉਂ ? ਕਿਉਂਕਿ ਜਿਹੜਾ ਗੁਰੂ ਦੀ ਪੈਰੀਂ ਪਏਗਾ ਹਰਿ ਰਸ ਭੋਗੇਗਾ। ਇਹ ਹਰਿ ਰਸ ਕੀ ਹੈ ? "ਨਿਰਬਾਣ ਕੀਰਤਨ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤ ਛੂਟੈ॥" ਮਤਲਬ ਇਹ ਹੋਇਆ ਕਿ ਗੁਰੂ ਦੀ ਪੈਰੀਂ ਪਵਾਂਗੇ ਤਾ ਹਰਿ ਰਸ ਦੇ ਨਾਲ ਨਾਲ ਸਿਮਰਨ ਦੀ ਲਾਗ ਲੱਗੇਗੀ ਤੇ ਸਿਮਰਨ ਦੀ ਲਾਗ ਹੈ ਜਿਹੜੀ ਇਕ ਪਲ ਵਿਚ liberate ਕਰ ਦੇਂਦੀ ਹੈ। ਕਬੀਰ ਸਾਹਿਬ ਦੀ ਗੱਲ ਸਮਝ ਆਉਂਦੀ ਹੈ ਕਿ ਹਰੀ ਰਸ ਵਿਚ ਜਦ ਬੰਦਾ ਫਸਦਾ ਹੈ ਤਾ ਜੋ ਕੁਝ ਵੀ ਸਾਹਿਬ ਕਰਦੇ ਹਨ ਉਸ ਨੂੰ ਪੂਰੀ ਤਰ੍ਹਾਂ ਵਿਸ਼ਵਾਸ ਹੁੰਦਾ ਹੈ ਕਿ ਠੀਕ ਹੋ ਰਿਹਾ ਹੈ ਤੇ ਕੁਝ ਐਸੀ ਚੰਗੀ ਗੱਲ ਹੋਵੇ ਜਿਸ ਬਾਰੇ ਉਸ ਨੂੰ ਕਦੀ ਵੀ ਉਮੀਦ ਨਾ ਹੋਵੇ ਤਾ ਕਬੀਰ ਸਾਹਿਬ ਕਹਿੰਦੇ ਹਨ, ਉਸ ਨੂੰ ਕਾਹਦੀ ਹੈਰਾਨੀ ਹੈ ਜਿਹੜਾ ਜਰਾ ਕੁਝ ਵੀ ਭਾਉ ਭਗਤੀ ਜਾਣਦਾ ਹੈ। ਲੇਕਿਨ ਸਵਾਦ ਦੀ ਗੱਲ ਇਹ ਹੈ ਕਿ ਕਬੀਰ ਸਾਹਿਬ ਕਹਿੰਦੇ ਹਨ ਕਿ ਮੈਂ ਤਾ ਇਸ ਤਰ੍ਹਾ ਪ੍ਰਭੂ ਨਾਲ ਘੁਲ ਮਿਲ ਗਿਆ ਹਾ ਜਿਵੇਂ ਪਾਣੀ ਵਿਚ ਪਾਣੀ ਮਿਲ ਜਾਦਾ ਹੈ। ਹੋਰ ਕਮਾਲ ! ਉਹ confidence ਨਾਲ ਕਹਿੰਦੇ ਹਨ, ਮੈਂ ਹੁਣ ਵਿਛੜ ਨਹੀਂ ਸਕਦਾ, exactly ਉਸ ਤਰ੍ਹਾ ਜਿਵੇਂ ਪਾਣੀ ਵਿਚ ਪਇਆ ਪਾਣੀ ਮੁੜ ਵੱਖ ਨਹੀਂ ਹੋ ਸਕਦਾ। ਕਬੀਰ ਸਾਹਿਬ ਨੇ ਹੀ ਤਾਂ ਕਹਿਆ ਹੈ ਕਿ :

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ (ਪੰਨਾ ੯੬੯)

Naturally, ਇਹ ਸਵਾਲ ਉਠਦਾ ਹੈ ਕਿ ਜੇ ਲਾਡ ਪਿਆਰ ਨਾਲ ਭਗਤ ਭਗਵੰਤ ਨਾਲ ਇਵੇਂ ਜੁੜ ਜਾਦਾ ਹੈ ਤਾਂ ਉਹ ਕਿਹੜੀ ਗੋਂਦ ਹੈ ਜਿਹੜੀ irrevocably ਜੋੜਦੀ ਹੈ। ਉਹ ਗੋਂਦ ਹੈ ਜਿਸ ਬਾਰੇ ਸਾਨੂੰ ਹਰ ਵੇਲੇ ਗਾਣ ਦਾ ਹੁਕਮ ਹੈ ਤਾਂ ਜੋ ਗਾਵਣਯੋਗ ਆਪ ਹਿਰਦੇ ਵਿਚ ਪਰਗਟ ਹੋ ਕੇ ਬਾਹਰ ਨਿਕਲੇ ਹੀ ਨਾ। ਫਿਰ ਵਹਿਮਾਂ-ਭਰਮਾਂ ਦਾ ਨਾਸ ਹੀ ਨਹੀਂ ਹੋਏਗਾ, ਸਗੋਂ ਤੁਸੀਂ Challenge ਕਰੋਗੇ, ਪਿਆਰ ਨਾਲ ਰੱਬ ਨਾਲ ਵੀ ਖੇਡੋਗੇ- 'ਉਇ ਜੇ ਅਸੀਂ ਕਾਂਸ਼ੀ ਮਰ ਕੇ ਸਵਰਗ ਗਏ ਤਾਂ ਤੇਰੀ ਕਿਹੜੀ ਵਡਿਆਈ ਹੋਈ। ਮੈਂ ਤੇ ਮਗਹਰ ਰਹਿਣਾ ਹੈ ਤੇ ਇਥੋਂ ਹੀ ਮਰ ਕੇ ਸੰਗੀ ਸਾਥੀ ਨਾਲ ਤਰਾ ਕੇ ਲੈ ਜਾਣੇ ਹਨ।" ਹੋਰ ਨਾ ਸਵਰਗ ਦਾ ਸਿਆਪਾ, ਨਾ ਨਰਕ ਦਾ ਡਰ; ਚਰਣਾਂ ਕਮਲਾ ਦੀ ਮੌਜ ਵਿਚ ਫਿਰ ਮਗਹਰ, ਕਾਸ਼ੀ ਦਾ ਸਵਾਲ ਹੀ ਖਤਮ ਹੋ ਗਇਆ ਕਿਉਂਕਿ "ਰਾਮ ਰਿਦੈ ਜਉ ਹੋਈ"। ਹੁਣ ਫੈਸਲਾ ਕਰਨ ਵਾਲਾ ਮੇਰੇ ਅੰਦਰ ਮੇਰਾ ਮਿੱਤਰ, ਫਿਰ ਕਾਹਦਾ ਡਰ ?



www.AKJ.Org

ਨਾਮ, ਨਾਮ, ਨਾਮ ਦਾ ਜ਼ੋਰ ਹੈ। ਸਿਮਰਨ ਦੀ ਚਰਚਾ ਹੈ, ਪਰ ਹੈ ਕੀ ਇਹ ਨਾਮ ਸਿਮਰਨ ਜਾਂ ਯਾਦ ? ਭੁਲੇਖੇ ਵਿਚ ਪਾ ਕੇ ਲੋਕੀਂ ਕੰਨਾਂ ਵਿਚ ਮੰਤਰ ਫੂਕ ਕੇ ਭੌਂਖਲਾ ਦੇਂਦੇ ਹਨ। ਉਤਲੇ, ਹੇਠਲੇ planes ਬਣਾ ਕੇ ਚਕਰਾ ਦੇਂਦੇ ਹਨ simple ਧਰਮ ਹੈ ਗੁਰੂ ਨਾਨਕ ਦਾ। ਯਾਦ ਕਰੋ, ਯਾਦ ਰਖੋ, ਨਿਰੰਤਰ ਯਾਦ ਰਖੋ, ਆਪਣਾ ਆਪ ਮਿਟਾ ਕੇ, ਪਾਰ ਹੋ ਜਾਉਗੇ। ਪਾਰ ਹੋਣਾ ਕੀ ਹੁੰਦਾ ਹੈ ? ਕੋਈ ਇਸ ਦਾ ਭੁਲੇਖਾ ਪਾ ਦੇਂਦਾ ਹੈ। ਮਨ ਦੇ ਉਬਾਲਾਂ ਵਿਚੋਂ ਨਿਕਲ ਕੇ ਗੁਰੂ ਦੀ ਗੋਦ ਵਿਚ ਬੈਠੇ ਰਹਿਣਾ ਹੀ ਪਾਰ ਉਤਰਨਾ ਹੈ। ਨਾਨਕ ਨੂੰ ਤਾਂ ਇਹੋ ਮਤਿ ਮਿਲੀ ਹੈ ਗੁਰੂ ਕੋਲੋਂ-ਪ੍ਰਭੂ ਜਪ ਜਪ ਕੇ ਭਉਜਲ ਤਰਨਾ ਹੈ ਤੇ ਜਦ ਬੰਦਾ ਪੂਰਨ ਸ਼ਾਂਤੀ ਦੀ ਜੀਂਵਦੀ ਜਾਗਦੀ ਸਮਾਧੀ ਤੇ ਚਰਨ-ਕਮਲਾਂ ਦੀ ਛਾਂ ਹੇਠ ਬੈਠਾ ਰਹੇ, ਤਾਂ ਪਾਰ ਹੋ ਗਇਆ ਕਿਉਂਕਿ ਕੋਈ ਉਪਾਧੀ ਉਸ ਦੇ ਨੇੜੇ ਨਹੀਂ ਆ ਸਕਦੀ। ਇਸ ਜਗ ਵਿਚ ਰਾਮ ਨਾਮ ਹੀ ਨਿਸਤਾਰਾ ਹੈ। ਕਈ ਵਾਰ ਲੋਕੀਂ ਭੁਲੇਖਾ ਪਾਂਦੇ ਹਨ ਕਿ ਗੁਰੂ ਨਾਨਕ ਦਾ ਗੁਰੂ ਕਬੀਰ ਸੀ। ਹੋਵੇ ਯਾ ਨਾ, ਪਰ ਮੂਰਖ ਲੋਗ ਇਹ ਨਹੀਂ ਜਾਣਦੇ ਕਿ ਜਿਸ ਗੁਰੂ ਨਾਨਕ ਦੇ ਪੰਜਵੇਂ ਸਰੂਪ ਨੇ ਕਬੀਰ ਸਾਹਿਬ ਨੂੰ ਆਪਣੇ ਆਖਰੀ perpetual ਸਰੂਪ ਵਿਚ ਥਾਂ ਦਿਤੀ, ਉਹ ਸੱਚ ਪ੍ਰਭੂ ਦੇ ਭੰਡਾਰੇ ਦਾ universal ਪੈਗਾਮ ਹੀ ਹੋ ਸਕਦਾ ਹੈ ਪਰ ਚੇਲਾ ਨਹੀਂ। ਵੇਖੋ ਗੁਰੂ ਨਾਨਕ ਆਪ ਕੀ ਕਹਿੰਦਾ ਹੈ:

"ਨਿਵਿ ਨਿਵਿ ਪਾਇ ਲਗਉ ਗੁਰ ਅਪੁਨੇ ਆਤਮ ਰਾਮੁ ਨਿਹਾਰਿਆ॥" (ਪੰਨਾ ੩੫੩)

ਆਤਮਾ ਵਿਚ ਰਾਮ ਦਿਖਾਣ ਵਾਲਾ ਨਾਨਕ ਦਾ ਗੁਰੂ, ਵਾਹਿਗੁਰੂ ਅਗੋਂ ਮਤਿ ਦੇਂਦਾ ਹੈ ਕਿ ਗੁਰੂ ਦੀ ਕਿਰਪਾ ਨਾਲ ਹੀ ਰਤਨ (ਨਾਮ) ਲੱਭਦਾ ਹੈ ਤੇ ਫਿਰ : "ਮਿਟੇ ਅਗਿਆਨ ਹੋਇ ਉਜਿਆਰਾ॥" ਝੱਲੇ ਲੋਗ ਬਹਿਸਾਂ ਕਰਦੇ ਹਨ, ਕਿਹੜਾ ਗੁਰੂ, ਕਿਹੜਾ ਚੇਲਾ। ਗੁਰਮੁਖ ਪੱਲੇ ਬੰਨ੍ਹਦੇ ਹਨ, ਗੁਰੂ ਦੀ ਗੱਲ ਤੇ ਸਵਾਰ ਹੁੰਦੇ ਹਨ ਨਾਮ ਦੇ ਜਹਾਜ ਵਿਚ ਜਿਹੜਾ ਅੰਦਰ ਦੀ ਸੈਰ ਕਰਾ ਕੇ ਛੁਪੇ ਰਤਨ ਨੂੰ ਪਰਗਟ ਕਰ ਦਿੰਦਾ ਹੈ। ਗੁਰੂ ਦਾ ਹੁਕਮ ਹੈ :

"ਮਨ ਸਿਉ ਜੂਝਿ ਮਰੈ ਪ੍ਰਭੁ ਪਾਏ ਮਨਸਾ ਮਨਹਿ ਸਮਾਏ॥" (ਪੰਨਾ ੩੫੩)

ਹੁਣ ਮਨ ਨਾਲ ਕਿਵੇਂ ਜੂਝੀਏ ?

- ਆਪਣੀ ਮਤਿ ਤ੍ਹਿਆਗ ਦੇਈਏ ਤੇ ਆਪਣੀ ਅਕਲ ਤੇ ਭਰੋਸੇ ਛੱਡ ਦੇਈਏ।
- ਜੋ ਮਨ ਕਹੇ ਉਸ ਨੂੰ ਰਾਮ ਕਸਵੱਟੀ ਤੇ ਲਾ ਕੇ ਵੇਖੀਏ, ਤਾ ਮੰਨੀਏ, ਨਹੀਂ ਤਾ reject ਕਰ ਦੇਈਏ।
- ਗੁਰੂ ਤੋਂ ਬਿਨਾਂ ਕਿਸੇ ਨਾਲ ਮਨ ਨਾ ਜੋੜੀਏ।
- ਜਿਹੜਾ ਮਨ ਪ੍ਰਭੂ ਨਾਲ ਜੋੜੇ ਉਸ ਦੇ ਪੈਰ ਧੋ ਕੇ ਉਹਦੇ ਨਾਲ ਚਮੁਟੇ ਰਹੀਏ।
- ਵਿਕਾਰਾਂ ਵੱਲ ਜਾਂਦੇ ਮਨ ਨੂੰ ਗੁਰਸ਼ਬਦ ਨਾਲ ਰੋਕੀਏ।
- ਬਾਹਰ ਜਾਂਦੇ ਮਨ ਨੂੰ ਸਿਮਰਨ ਵਿਚ ਲਾ ਕੇ ਅੰਦਰ ਬੰਨ੍ਹੀ ਰੱਖੀਏ।
- ਨੁਕਤਾ ਵਾਹਿਗੁਰੂ ਤੇ ਸੰਗਤ ਵਾਹਿਗੁਰੂ ਨਾਲ ਜੋੜਨ ਵਾਲਿਆਂ ਦੀ।
- ਬਹਿਸ ਨੂੰ ਛੱਡ ਕੇ ਝਟਪਟ ਹੀ ਹਾਰ ਮੰਨ ਕੇ ਪਰਾਂ ਹੋ ਜਾਈਏ ਤੇ ਅੰਦਰੋਂ ਗੁਰੂ ਦੀ ਰਹਿਮਤ ਮਾਣੀਏ
- ਗੁਰਮਤਿ ਸਾਰੀ ਲੋਕਾਈ ਤੋਂ ਉਤੇ ਲੱਗੇ ਜਿਵੇਂ ਪ੍ਰਭੂ ਸਭ ਤੋਂ ਉਚਾ ਹੈ।

– ਮੌਤ ਨਾਲ ਸਾੜ ਪਾ ਕੇ ਤਿਆਰ ਰਹੀਐ ਐਸਾ ਪ੍ਰੇਮ ਕਰਨ ਲਈ ਜਿਹੜਾ ਮੌਤ ਵੀ ਨਾ ਤੋੜ ਸਕੇ। ਕੌਣ ਤਾਕਤ ਦੇਂਦਾ ਹੈ ਜੂਝਣ ਦੀ ? ਉਹੀ ਜਿਹੜਾ "ਆਤਮਰਾਮ ਨਿਹਾਰਿਆ" ਦਾ ਸੱਚ ਪਰਗਟ ਕਰਦਾ ਹੈ। ਇਸੇ ਲਈ ਮੈਂ ਕਹਿੰਦਾ ਹਾਂ ਉਹ ਮਿਹਰਵਾਨ ਹੈ, ਉਹ ਸਾਹਿਬ ਹੈ ਤੇ ਫਿਰ ਉਹ ਮੇਰਾ ਸਾਹਿਬ ਹੈ। ਹੁਣ ਕਾਹਦੀ ਘਾਟ ? ਹੁਣ ਕਾਹਦਾ ਨਿਹੋਰਾ ? ਹੁਣ ਕਾਹਦੀ ਕਮੀ ? ਪਰ ਨਾਮਦੇਵ ਵਾਂਗ ਹੁਸ਼ਿਆਰ ਤੇ ਪੂਰੀ ਤਰ੍ਹਾਂ ਰਜ਼ਾ ਵਿਚ ਰਹਿਣਾ ਪਵੇਗਾ। ਰਾਜ ਕਰਾਵੇ ਵਾਹ ਵਾਹ, ਭੀਖ ਮੰਗਾਵੇ ਵਾਹ-ਵਾਹ। ਬੱਸ ਸਾਡਾ

(ਬਾਕੀ ਪੰਨਾ ੩੨ ਤੇ ...)



www.AKJ.Org

# ਗੁਰੂ ਨਾਨਕ ਦੇਵ ਜੀ ਦਾ ਸੱਚਾ ਸੌਦਾ-ਰਹੱਸ

*(ਭਾਈ ਰਾਮ ਸਿੰਘ ਗਰੇਵਜ਼ੈਂਡ)*

(ਦਸੰਬਰ ਅੰਕ ਤੋਂ ਅਗੇ...)

ਦੂਸਰੀ ਪ੍ਰੀਖਿਆ ਜੋ ਗੁਰੂ ਜੀ ਨੇ ਉਸ ਸੇਠ ਦੀ ਲਈ ਉਹ ਇਹ ਸੀ। ਗੁਰੂ ਸਾਹਿਬ ਨੇ ਸੇਠ ਨੂੰ ਪੁੱਛਿਆ ਕਿ ਸੇਠ ਜੀ ਤੁਹਾਡੀ ਉਮਰ ਇਸ ਵੇਲੇ ਕਿੰਨੀ ਹੈ? ਪਹਿਲੇ ਵਾਗ ਸੇਠ ਨੇ ਕਿਹਾ ਕੇ ਸੱਚਮੁੱਚ ਪੁੱਛਦੇ ਹੋ ਤਾ ਮੇਰੀ ਉਮਰ ਇਸ ਵੇਲੇ ਤਕਰੀਬਨ ਦੋ ਸਾਲ ਦੀ ਹੈ। ਹੁਣ ਜੇ ਕੋਈ 50-55 ਸਾਲ ਦਾ ਬੰਦਾ ਕਹੇ ਕਿ ਮੇਰੀ ਉਮਰ ਦੋ ਸਾਲ ਦੀ ਹੈ ਤਾਂ ਸਭ ਨੂੰ ਹੈਰਾਨੀ ਤਾ ਹੋਣੀ ਹੀ ਹੋਈ। ਇਸ ਤੇ ਕੋਲ ਖੜ੍ਹੇ ਸਿੱਖਾ ਨੇ ਕਿਹਾ ਕਿ ਉਸ ਦਿਨ ਤਾਂ ਇਹ ਇਕ ਗੱਲ ਕਹਿ ਕੇ ਛੁੱਟ ਗਿਆ ਪਰ ਅੱਜ ਤਾ ਇਸ ਦਾ ਬਰੀ ਹੋਣਾ ਬੜਾ ਮੁਸ਼ਕਲ ਹੈ। ਤਦ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਸੇਠ ਜੀ ਤੁਹਾਡੀ ਹਰ ਗੱਲ ਵਿਚ ਘੁੰਡੀ ਹੁੰਦੀ ਹੈ, ਇਸ ਦਾ ਕੀ ਭਾਵ ਹੈ? ਸੇਠ ਨੇ ਕਿਹਾ ਕਿ ਸੱਚੇ ਪਾਤਸ਼ਾਹ ਜੀਉ ਆਪ ਤਾਂ ਸਭ ਕੁਝ ਜਾਣਦੇ ਹੋ, ਮੇਰੇ ਪਾਸੋਂ ਕਿਉ ਪੁੱਛਦੇ ਹੋ,ਆਪ ਹੀ ਇਸ ਬਾਰੇ ਸੰਗਤਾ ਨੂੰ ਦੱਸ ਦਿਉ। ਪਰ ਜਿਵੇਂ ਗੁਰੂ ਘਰ ਦਾ ਨਿਯਮ ਹੈ ਗੁਰੂ ਜੀ ਇਸ ਤਰ੍ਹਾ ਦੀਆਂ ਘੁੰਡੀਆ ਆਪਣੇ ਸੱਚੇ ਸੁੱਚੇ ਜਾਂ ਸਿੱਖਿਆ ਰਾਹੀ ਬਣ ਰਹੇ ਸੱਚੇ ਸੁੱਚੇ ਸਿੱਖਾ ਰਾਹੀ ਹੀ, ਖੁਲ੍ਹਵਾਉਣੀਆਂ ਚਾਹੁੰਦੇ ਸਨ ਤੇ ਕਰਵਾਇਆ ਕਰਦੇ ਸਨ। ਸੋ ਗੁਰੂ ਸਾਹਿਬ ਕਿਹਾ ਕਿ ਤੁਸੀ ਆਪ ਹੀ ਇਸ ਘੁੰਡੀ ਨੂੰ ਖੋਲ੍ਹੋ ਤਾ ਚੰਗਾ ਹੈ। ਸੋ ਸੇਠ ਨੇ ਕਿਹਾ ਸੱਚੇ ਪਾਤਸ਼ਾਹ ਜਿਸ ਦਿਨ ਤੋਂ ਮੈਂ ਆਪ ਜੀ ਦੀ ਸੰਗਤ ਵਿਚ ਆ ਕੇ ਆਪ ਜੀ ਦੀ ਸਿਖਿਆ ਦਾ ਲਾਹਾ ਲੈ ਕੇ ਉਸ ਤੇ ਚਲਣਾ ਸ਼ੁਰੂ ਕੀਤਾ ਹੈ ਉਹ ਸਮਾਂ ਸਿਰਫ ਦੋ ਸਾਲ ਦਾ ਹੀ ਬਣਦਾ ਹੈ। ਇਸ ਤੋਂ ਪਹਿਲਾਂ ਦਾ ਮੇਰਾ ਜੀਵਨ ਮਨਮਤ ਦਾ ਜੀਵਨ ਜਾਂ ਕਹਿ ਲਵੋ ਸ਼ੈਤਾਨੀਅਤ ਦਾ ਜੀਵਨ ਸੀ। ਉਸ ਜੀਵਨ ਵਿਚ ਚੰਗਾ ਕੰਮ ਕਰਨਾ ਤਾਂ ਇਕ ਪਾਸੇ ਲੋਕਾ ਦਾ ਗਲਾ ਘੁੱਟ ਕੇ ਤੇ ਹਰ ਤਰ੍ਹਾਂ ਦੀ ਹੇਰਾ ਫੇਰੀ ਕਰਕੇ ਮਾਇਆ ਇੱਕਠੀ ਕਰਨੀ ਅਤੇ ਹਰ ਤਰ੍ਹਾਂ ਐਸ਼ ਆਦਿ ਕਰਨੀ ਹੀ ਜੀਵਨ ਦਾ ਮਨੋਰਥ ਬਣਿਆ ਹੋਇਆ ਸੀ। ਸੋ ਉਸ ਜੀਵਨ ਨੂੰ ਮੈਂ ਆਪਣਾ ਜੀਵਨ ਨਹੀ ਕਹਿ ਸਕਦਾ। ਉਹ ਤਾਂ ਸ਼ੈਤਾਨੀਅਤ ਦਾ ਜੀਵਨ ਸੀ। ਇਹ ਦੋ ਸਾਲ ਜੋ ਆਪ ਜੀ ਦੇ ਚਰਨਾ ਵਿਚ ਆ ਕੇ ਆਪ ਜੀ ਦੀ ਸਿੱਖਿਆ ਤੇ ਚਲ ਕੇ ਜੀਵਨ ਗੁਜ਼ਾਰਿਆਂ ਹੈ ਤੇ ਦਸਾਂ ਨੌਹਾਂ ਦੀ ਕਿਰਤ ਰਾਹੀਂ ਜੀਵਨ ਜੀਵਿਆ ਹੈ ਇਹ ਹੀ ਮੇਰਾ ਜੀਵਨ ਹੈ ਤੇ ਇੰਨੀ ਹੀ ਮੇਰੀ ਉਮਰ ਹੈ। ਇਹ ਕਹਿ ਕੇ ਉਹ ਗੁਰੂ ਜੀ ਦੇ ਚਰਨਾ ਤੇ ਢਹਿ ਪਿਆ। ਉਧਰ ਸੰਗਤਾਂ ਬਿਨਾਂ ਗੁਰੂ ਜੀ ਵਲੋਂ ਕੁਝ ਦੱਸੇ ਸੇਠ ਦੇ ਜੀਵਨ ਤੋਂ ਇੰਨਾ ਪ੍ਰਭਾਵਿਤ ਹੋਈਆ ਕਿ ਉਹ ਗੁਰੂ ਜੀ ਦਾ ਜਸ ਗਾਉਣ ਲੱਗ ਪਈਆ ਤੇ ਸੇਠ ਨੂੰ ਵੀ ਸ਼ਾਬਾਸ਼ ਕਿਹਾ।

ਅਸੀਂ ਵੀ ਗੁਰੂ ਘਰ ਸਾਰੀ ਉਮਰ ਦੇ ਜਾ ਰਹੇ ਹਾਂ ਕੀ ਆਇਆ ਸਾਡੇ ਵਿਚ ਕੋਈ ਪ੍ਰੀਵਰਤਨ ? ਆਪਣੀ ਪ੍ਰੀਖਿਆ ਆਪ ਹੀ ਲੈ ਲੈਣੀ ਚਾਹੀਦੀ ਹੈ। ਸੇਠ ਦੇ ਜੀਵਨ ਵਿਚ ਸਿਰਫ ਇਕ ਦਿਨ ਦੀ ਸੰਗਤ ਨੇ ਐਸਾ ਪ੍ਰੀਵਰਤਨ ਲਿਆਂਦਾ ਕਿ ਉਹ ਸ਼ੈਤਾਨ ਤੋਂ ਦੇਵਤਾ ਰੂਪ ਬਣ ਗਿਆ। ਇਹ ਕਿਵੇਂ ਹੋਇਆ? ਕਿਉਂਕਿ ਸੇਠ ਇਕ ਦਮ ਕੇਂਦਰ ਨਾਲ ,ਜੁੜ ਗਿਆ ਭਾਵ ਆਪਣੀ ਮੱਤ ਨੂੰ ਛੱਡ ਕੇ ਗੁਰੂ ਜੀ ਦੀ ਕੇਂਦਰੀ ਮਤ ਨਾਲ ਜੁੜ ਗਿਆ। ਸੋ ਪਿੱਛੇ ਦੱਸੇ ਵਾਂਗ ਆਪਾਂ ਵੀ ਸਭ ਹੇਰਾਫੇਰੀਆਂ, ਮਨਮਤਾਂ, ਡੇਰਾਦਾਰੀਆਂ, ਤੇ ਜੁਦੀਆ ਜੁਦੀਆਂ ਮਰਿਯਾਦਾਵਾਂ ਛੱਡ ਕੇ ਇਕ ਕੇਂਦਰ ਜੋ ਹੁਣ ਸ੍ਰੀ ਅਕਾਲ ਤਖਤ ਸਾਹਿਬ ਹੈ ਨਾਲ ਜੁੜ ਕੇ ਪੰਥ ਨੂੰ ਚੜ੍ਹਦੀ ਕਲਾ ਵਲ ਲਿਜਾਣ ਵਲ ਕਦਮ ਪੁੱਟਣੇ ਸ਼ੁਰੂ ਕਰ ਦੇਈਏ। ਇਹ ਹੀ ਇਕੋ ਇਕ ਠੀਕ ਰਾਸਤਾ ਹੈ ਪਰ ਇਹ ਤਾਂ ਹੋ ਸਕਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਤੇ ਪਹਿਰਾ ਦੇ ਰਹੇ ਸਿੰਘ ਸਾਹਿਬ ਨੂੰ ਅਕਾਲੀ ਫੂਲਾ ਸਿੰਘ ਜੀ ਵਾਂਗ ਸਿਰਫ ਗੁਰੂ ਜੀ ਦੀ ਓਟ ਲੈ ਕੇ ਕਿਸੇ ਦੇ ਨਾਂ ਹੀ ਹੱਥਾਂ ਵਲ ਝਾਕਣਾ ਚਾਹੀਦਾ ਹੈ ਨਾ ਹੀ ਕਿਸੇ ਪਾਸੇ ਤੋਂ ਕਿਸੇ ਤਰ੍ਹਾਂ ਦੇ ਤੋਹਫੇ ਸੁਗਾਤ ਮਿਲਣ ਦੀ ਆਸ ਵਿਚ ਰਹਿਣਾ ਚਾਹੀਦਾ ਹੈ। ਭਾਵੇਂ ਭੁੱਖੇ ਹੀ ਕਿਉਂ ਨਾ ਰਹਿਣਾ ਪਵੇ। ਜਿਸ ਦੀ ਕਦੇ ਸੰਭਾਵਨਾ ਤਾਂ ਨਹੀ ਭਾਂਵ ਭੁੱਖੇ ਤਾਂ ਸਿੰਘ ਸਾਹਿਬ ਰਹਿ ਨਹੀ ਸਕਦੇ ਪੰਥ ਦਾ ਤੇ ਗੁਰੂ ਜੀ ਦਾ ਹੱਥ ਸਿਰ ਤੇ ਹੁੰਦਿਆਂ।



www.AKJ.Org

ਇੱਥੇ ਰੱਬ ਜੀ ਬਾਰੇ ਇਕ ਖ਼ਾਸ ਮਿਸਾਲ ਬੜੀ ਜ਼ਰੂਰੀ ਤੇ ਢੁਕਵੀ ਹੋਵੇਗੀ। ਦਸਮ ਪਿਤਾ ਜੀ ਜਦ ਬਹਾਦਰ ਸ਼ਾਹ ਨਾਲ ਆਗਰੇ ਵਿਚ ਸਨ ਤਾ ਉਥੇ ਗੱਲਾਂ ਕਰਦਿਆ ਕਰਦਿਆ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਕਿਹਾ ਕਿ ਮੇਰੇ ਖਿਆਲ ਵਿਚ ਰੱਬ ਦੋ ਹਨ। ਗੁਰੂ ਜੀ ਨੇ ਕਿਹਾ, ਅੱਛਾ ਤੁਹਾਨੂੰ ਇਹ ਪਤਾ ਲੱਗ ਗਿਆ ਕਿ ਰੱਬ ਦੋ ਹਨ, ਉਹ ਕਿਹੜੇ ਹਨ? ਉਸ ਨੇ ਕਿਹਾ ਕਿ ਇਕ ਹਿੰਦੂਆ ਦਾ ਤੇ ਦੂਜਾ ਮੁਸਲਮਾਨਾ ਦਾ। ਹਿੰਦੂਆ ਦਾ ਸਮੁੰਦਰ ਵਿਚ ਰਹਿੰਦਾ ਹੈ ਤੇ ਮੁਸਲਮਾਨਾ ਦਾ ਸੱਤਵੇ ਅਸਮਾਨ ਤੇ ਰਹਿੰਦਾ ਹੈ। ਤਦ ਗੁਰੂ ਜੀ ਨੇ ਮੁਸਕਰਾ ਕੇ ਕਿਹਾਂ ਕਿ ਜੇ ਤੁਸੀ ਦੋ ਰੱਬ ਮੰਨ ਲਏ ਹਨ ਤਾ ਹੁਣ ਤੀਸਰਾ ਵੀ ਮੰਨ ਲਉ। ਉਸ ਨੇ ਕਿਹਾ ਕਿ ਉਹ ਕਿਹੜਾ? ਗੁਰੂ ਜੀ ਨੇ ਕਿਹਾ ਕਿ ਉਹ ਰੱਬ ਗੁਰੂ ਨਾਨਕ ਸਾਹਿਬ ਦਾ ਰੱਬ ਹੈ ਜੋ ਸਾਰਿਆ ਦੇ ਦਿਲਾ ਵਿਚ ਤੇ ਜ਼ਰੇ ਜ਼ਰੇ ਵਿਚ ਰਹਿੰਦਾ ਹੈ। ਇਸ ਤੇ ਬਹਾਦਰ ਸ਼ਾਹ ਨੇ ਕਿਹਾ ਕਿ ਰੱਬ ਤਾਂ ਫਿਰ ਉਹ ਹੀ ਹੋਇਆ ਜੋ ਸਾਰੇ ਰਹਿੰਦਾ ਹੈ ਤੇ ਸਾਰਿਆਂ ਦੇ ਦਿਲਾ ਵਿਚ ਰਹਿੰਦਾ ਹੈ। ਇਹ ਘਟਨਾ ਬੜੀ ਭਾਵ ਪੂਰਤ ਹੈ ਤੇ ਬਹੁਤ ਮਹੱਤਤਾ ਰੱਖਦੀ ਹੈ, ਕਿ ਜਿਵੇਂ ਗੁਰੂ ਨਾਨਕ ਦੇਵ ਸੱਚੇ ਸਤਿਗੁਰੂ ਨੇ ਉਨ੍ਹਾ ਸਾਧੂਆ ਨੂੰ ਰੱਬ ਜੀ ਦੀ ਵੀ ਹਰ ਥਾ ਹੋਂਦ ਦਰਸਾ ਗਿਆਨ ਕਰਾ ਦਿੱਤਾ ਸੀ ਕਿ ਰੱਬ ਜੀ ਅਸਲੀ ਗ੍ਰਹਿਸਤੀ ਬਣ ਕੇ ਘਰ ਬੈਠਿਆ ਹੀ ਲੱਭਿਆ ਜਾ ਸਕਦਾ ਹੈ, ਉਸੇ ਤਰ੍ਹਾ ਸਾਨੂੰ ਸਭ ਨੂੰ ਗੁਰੂ ਸਾਹਿਬਾਨ ਦੀ ਸਿੱਖਿਆ ਹੈ ਕਿ ਰੱਬ ਜੀ ਨੂੰ ਹਾਜ਼ਰ ਨਾਜ਼ਰ ਸਮਝਣਾ ਹੈ। ਕਿਉਕਿ ਜੇ ਪ੍ਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝਿਆ ਜਾਵੇ ਤਾ ਸਾਨੂੰ ਕਿਸੇ ਤਰ੍ਹਾ ਦੇ ਨਾ ਤਾ ਡੇਰੇ ਆਦਿ ਬਣਾ ਕੇ ਕਈ ਕਈ ਤਰ੍ਹਾ ਦੀਆ ਰੀਤਾ ਚਲਾਉਣ ਤੇ ਦਿਨ ਦਿਹਾੜੇ ਨੂੰ ਮਹੱਤਤਾ ਦੇ ਕੇ ਉਸ ਦੀ ਭਗਤੀ ਕਰਨ ਦੀ ਲੋੜ ਪਵੇਗੀ ਤੇ ਨਾ ਹੀ ਦੁਨੀਆਵੀ ਤੌਰ ਤੇ ਕਿਸੇ ਤਰ੍ਹਾ ਦੀ ਹੇਰਾਫੇਰੀ ਕਰਨ ਦਾ ਹੌਸਲਾ ਪਵੇਗਾ। ਦੁਨੀਆਵੀ ਵਰਤਾਉ ਵਿਚ ਰੱਬ ਹਾਜ਼ਰ ਨਾਜ਼ਰ ਸਮਝਣਾ, ਬਹੁਤ ਮਹੱਤਤਾ ਰੱਖਦਾ ਹੈ। ਉਸ ਨੂੰ ਹਾਜ਼ਰ ਨਾਜ਼ਰ ਸਮਝਦਿਆ ਕਾਲੇ ਧੰਨ ਦੀ ਕਮਾਈ ਬਲੈਕ ਮਾਰਕੀਟ ਤੇ ਹੋਰ ਜੋ ਹੇਰਾ ਫੇਰੀਆਂ ਹੋ ਰਹੀਆਂ ਹਨ ਉਹ ਕਦੇ ਨਾ ਹੋਣ। ਬੰਦਾ ਉਸ ਵੇਲੇ ਹੀ ਇਹ ਸਭ ਕੂੜ ਕਰਦਾ ਹੈ ਜਦ ਇਹੋ ਸਮਝਦਾ ਹੈ ਕਿ ਕਿਹੜਾ ਰੱਬ ਦੇਖਦਾ ਹੈ। ਭਾਵ ਰੱਬ ਨੂੰ ਹਾਜ਼ਰ ਨਾਜ਼ਰ ਨਹੀ ਸਮਝਿਆ ਜਾਦਾ। ਜੇ ਉਸ ਨੂੰ ਸਮਝਿਆ ਜਾਵੇ ਕਿ ਉਹ ਤਾ ਕਪੜਾ ਨਾਪਣ ਵਾਲੇ ਗਜ਼ ਵਿਚ ਵੀ ਹੈ, ਤਕੜੀ ਦੀ ਡੰਡੀ ਆਦਿ ਵਿਚ ਵੀ ਹੈ,ਉਹ ਤਾ ਹਨ੍ਹੇਰੇ ਵਿਚ ਵੀ ਹੈ, ਉਹ ਤਾਂ ਹਰ ਥਾਂ ਤੇ ਹਰ ਵੇਲੇ ਸਾਡੀ ਹਰ ਹਰਕਤ ਹੀ ਨਹੀ ਸੋਚਣੀ ਨੂੰ ਵੀ ਜਾਣਦਾ ਹੈ, ਤਾ ਫਿਰ ਕਿਵੇ ਘੱਟ ਕਪੜਾ ਮਿਣਿਆ ਜਾਵੇਗਾ, ਜਾਂ ਹਨੇਰੇ ਵਿਚ ਪਾਪ ਕਰਮ ਕਿਵੇਂ ਕੀਤੇ ਜਾਣਗੇ, ਜਾ ਬੁਰਾਈਂ ਕਰਨ ਦੀਆ ਵਿਉਤਾ ਕਿਵੇਂ ਬਣਾਈਆ ਜਾਣਗੀਆ ਤਾ ਕਿਵੇਂ ਡਾਕਟਰ ਮਰੀਜ਼ ਦੇ ਇਲਾਜ ਦੀ ਬਜਾਏ ਉਸ ਤੋਂ ਪੈਸੇ ਬਟੋਰਨ ਬਾਰੇ ਹੀ ਸੋਚੇਗਾ, ਜਾ ਟੀਚਰ ਕਿਵੇ ਗੱਪਾਂ ਮਾਰ ਕੇ ਕਲਾਸ ਵਿਚ ਆਪਣਾ ਸਮਾ ਗਵਾ ਕੇ ਮੁਫਤ ਦੀ ਤਨਖਾਹ ਲਵੇਗਾ, ਕਿਵੇਂ ਵਿਦਿਆਰਥੀ ਮਾਪਿਆ ਦੀ ਮਾਇਆ ਨੂੰ ਬਿਨਾ ਕਲਾਸ ਦਾ ਕੰਮ ਕੀਤੇ ਜਾਇਆ ਕਰਨਗੇ ਜਾ ਕਾਮਾ ਖੇਤ, ਫੈਕਟਰੀ, ਦਫਤਰ, ਆਦਿ ਵਿਚ ਕਿਵੇ ਇਧਰ ਉਧਰ ਫਿਰ ਕੇ ਤਨਖਾਹ ਲੈਣ ਦੀ ਸੋਚੇਗਾ ਤੇ ਮਾਲਕ ਕਿਵੇਂ ਸੋਚਣਗੇ ਕਿ ਕਾਮਿਆ ਨੂੰ ਉਨ੍ਹਾ ਦੀ ਬਣਦੀ ਤਨਖਾਹ ਉਨ੍ਹਾਂ ਦੇ ਗੁਜ਼ਾਰੇ ਅਨੁਸਾਰ ਨਾ ਦਿੱਤੀ ਜਾਵੇ।

ਪਰ ਸਾਡੀ ਹਾਲਤ ਬੜੀ ਤਰਸਯੋਗ ਬਣ ਗਈ ਹੈ। ਅਸੀਂ ਤਾ ਗੁਰੂ ਘਰ ਦੀਆ ਸਟੇਜਾ ਤੇ ਵੀ ਗੁਰੂ ਜੀ ਨੂੰ ਹਾਜਰ ਨਾਜਰ ਨਾ ਸਮਝਦੇ ਹੋਏ ਇਕ ਦੂਜੇ ਨਾਲ ਲੜ ਸਕਦੇ ਹਾ, ਝੂਠ ਬੋਲ ਸਕਦੇ ਹਾ, ਤੇ ਉਪਰ ਦੱਸ ਹਰ ਤਰ੍ਹਾ ਦੇ ਗੁਰਮਤਿ ਤੋਂ ਉਲਟ ਗੁਰੂ ਪ੍ਰਮਾਤਮਾ ਨੂੰ ਹਾਜਰ ਨਾਜ਼ਰ ਨਾ ਸਮਝਦੇ ਹੋਏ ਕਰਨ ਦੇ ਮਾਹਰ ਬਣਦੇ ਜਾ ਰਹੇ ਹਾ। ਇਕ ਛੋਟਾ ਜਿਹਾ ਪੁਲਿਸ ਦਾ ਸਿਪਾਹੀ ਜੇ ਸਾਡੇ ਨੇੜੇ ਤੇੜੇ ਹੋਵੇ ਤਾ ਅਸੀ ਕਿਸੇ ਤਰ੍ਹਾ ਜੁਰਮ ਕਰਨ ਤੋਂ ਡਰਦੇ ਤੇ ਸੰਕੋਚ ਕਰਦੇ ਹਾ।ਪਰ ਜੇ ਇਹ ਸਮਝ ਲਿਆ ਜਾਵੇ ਕਿ ਖੰਡਾ ਬ੍ਰਹਿਮੰਡਾਂ ਦਾ ਮਾਲਕ ਸਾਡੇ ਨਾਲ ਹੈ ਤੇ ਸਾਡੀ ਹਰ ਹਰਕਤ ਨੂੰ ਦੇਖਦਾ ਹੈ, ਦੇਖਦਾ ਹੀ ਨਹੀ ਜਾਣਦਾ ਤੇ ਸਮਝਦਾ ਹੈ, ਤਾਂ ਫਿਰ ਕਿਵੇਂ ਕਿਸੇ ਤਰ੍ਹਾ ਦੀ ਬੁਰਾਈ ਆਦਿ ਕਰਨ ਦਾ ਸੋਚਿਆ ਵੀ ਜਾ ਸਕਦਾ ਹੈ। ਪਰ ਉਸ ਖੰਡਾਂ ਬ੍ਰਹਿਮੰਡਾ ਦੇ ਮਾਲਕ ਨੂੰ ਅੱਜ ਇਕ ਪੁਲਿਸ ਦੇ ਸਿਪਾਹੀ ਵਰਗਾ ਵੀ ਨਹੀ



www.AKJ.Org

ਸਮਝਿਆ ਜਾ ਰਿਹਾ। ਰੌਲਾ ਅਸੀ ਬੇਸ਼ਕ ਪਾਉਂਦੇ ਜਾਈਏ ਤੇ ਪਾਉਂਦੇ ਜਾ ਰਹੇ ਹਾ ਕਿ ਅਸੀ ਤਾ ਬਹੁਤ ਬੜੇ ਆਸਤਕ ਹਾ, ਸਾਡਾ ਤਾ ਗੁਰੂ ਸਦਾ ਸਾਡੇ ਅੰਗ ਸੰਗ ਹੈ।ਪਰ ਅਸਲੀ ਤੇ ਅਮਲੀ ਤੌਰ ਤੇ ਉਸ ਦੇ ਅੰਗ ਸੰਗ ਹੋਣ ਦੀ ਕਾਰਗੁਜ਼ਾਰੀ ਤੋਂ ਮੁਨਕਰ ਹੀ ਹਾਂ। ਤਾਹੀਉਂ ਤਾ ਹੋਰ ਕਈ ਤਰ੍ਹਾਂ ਦੇ ਗੁਰਮਤਿ ਤੋਂ ਵਿਰੁੱਧ ਕੰਮਾ ਤੋਂ ਉਪਰੰਤ ਗੁਰੂ ਘਰਾ ਵਿਚ ਆਏ ਦਿਨ ਗੁਰੂ ਜੀ ਦੀ ਅਸਲੀ ਚੌਧਰ ਨੂੰ ਉਹਲੇ ਕਰਕੇ ਤੇ ਛਿੱਕੇ ਤੇ ਟੰਗ ਕੇ ਚੌਧਰਾ ਦੀਆਂ ਲੜਾਈਆ ਕਰਨ ਤੋਂ ਸੰਕੋਚ ਨਹੀ ਕਰਦੇ ਤੇ ਕਦੇ ਇਹ ਵੀ ਨਹੀ ਸੋਚਦੇ ਕਿ ਇਨ੍ਹਾ ਚੌਧਰਾ ਆਦਿ ਦਿਆ ਨਾਟਕਾ ਰਾਹੀ ਸਾਡੀਆ ਅਗਲੀਆ ਪੀੜ੍ਹੀਆ ਤੇ ਕੀ ਅਸਰ ਪੈ ਰਿਹਾ ਹੈ ਜੋ ਲੁਕਿਆ ਛੁਪਿਆ ਨਹੀਂ ਕਿਉਂਕਿ ਬਹੁਤ ਸਾਰੇ ਨੌਜਵਾਨ ਇਸੇ ਕਰਕੇ ਗੁਰਦੁਆਰੇ ਨਹੀਂ ਆਉਂਦੇ ਤੇ ਹੌਲੀ ਹੌਲੀ ਗੁਰਮਤਿ ਤੋਂ ਹੀ ਪਰੇ ਹੁੰਦੇ ਜਾ ਰਹੇ ਹਨ।

ਸੋ ਗੁਰੂ ਪ੍ਰਮਾਤਮਾ ਨੂੰ ਸਦਾ ਅੰਗ ਸੰਗ ਸਮਝਣਾ ਜਿੱਥੇ ਉਸ ਦੀ ਭਾਲ ਜੰਗਲਾ ਬੀਆਬਾਨਾ, ਪਹਾੜਾ ਦੀਆ ਕੰਧਰਾ, ਤੀਰਥ ਯਾਤਰਾਵਾ ਆਦਿ ਉਤੇ ਜੁਦੇ ਜੁਦੇ ਡੇਰਿਆ ਦੀਆਂ ਗੁਫ਼ਾਵਾ ਜਾ ਭੋਰਿਆਂ ਵਿਚ ਰਹਿ ਕੇ ਨਹੀ ਘਰਾ ਵਿਚ ਸੁਚੱਜਾ ਜੀਵਣ ਜੀਉ ਕੇ ਦਸਾ ਨੌਹਾ ਦੀ ਕਿਰਤ ਕਰਕੇ, ਵੰਡ ਕਰ ਛਕ ਤੇ ਸਭ ਨਾਲ ਮਿਲ ਜੁਲ ਕੇ ਗੁਰੂ ਘਰਾ ਵਿਚ ਅਤੇ ਘਰਾ ਵਿਚ ਸੰਗਤੀ ਰੂਪ ਵਿਚ ਉਸ ਪ੍ਰਮਾਤਮਾ ਦਾ ਜਸ ਸਾਡੇ ਸਿਮਰਨ ਕਰਕੇ ਉਸ ਮਹਾਨ ਸ਼ਕਤੀ ਵਾਹਿਗੁਰੂ ਜੀ ਦੀ ਨੇੜਤਾ ਖੁਸ਼ੀ ਤੇ ਸਦੀਵੀ ਸ਼ਾਤੀ ਪ੍ਰਾਪਤ ਕੀਤੀ ਜਾ ਸਕਦੀ ਹੈ ਜੋ ਕਿ ਸਿਖਿਅ ਸੱਚੇ ਸੌਦੇ ਵਾਲੇ ਸਾਧੂ ਜਨਾ ਨੂੰ ਗੁਰੂ ਸਾਹਿਬ ਜੀ ਨੇ ਦੇ ਕੇ, ਅਸਲੀ ਅਰਥਾ ਵਿਚ ਸੱਚਾ ਸੌਦਾ ਕੀਤਾ ਸੀ, ਇਸ ਤਰ੍ਹਾ ਗੁਰੂ ਪ੍ਰਮਾਤਮਾ ਨੂੰ ਅੰਗ ਸੰਗ ਹੋਣ ਦਾ ਕੇਂਦਰ ਬਣਾ ਕੇ ਸਿਰਫ ਛੋਟੀਆ ਮੋਟੀਆ ਚੌਧਰਾਂ ਦੀਆ ਤਕਰਾਰਾ ਤੋਂ ਹੀ ਨਹੀ ਉਚੇ ਉਠਿਆ ਜਾ ਸਕਦਾ ਸਗੋਂ ਦੁਨੀਆ ਦੇ ਸਭ ਮਸਲੇ ਹੱਲ ਹੋ ਸਕਦੇ ਹਨ। ਪਰ ਇਸ ਵਾਸਤੇ ਇਹ ਜਾਨਣਾ ਤੇ ਸਮਝਣਾ ਜ਼ਰੂਰੀ ਹੈ ਕਿ ਖੰਡਾ ਬ੍ਰਹਿਮੰਡਾ ਦਾ ਮਾਲਕ ਗੁਰੂ ਪਾਤਸ਼ਾਹ ਸਾਡੇ ਅੰਗ ਸੰਗ ਹੈ। ਜਦ ਇਹ ਸਮਝ ਲਿਆ ਜਾਵੇ ਕਿ ਉਹ ਸਾਡੇ ਅੰਗ ਸੰਗ ਹੈ ਤਦ ਚੋਰੀ,ਹੇਰਾ ਫੇਰੀ, ਪਾਖੰਡ, ਆਦਿ ਕਿਵੇਂ ਕੀਤਾ ਜਾਵੇਗਾ ਜਾ ਕੀਤਾ ਜਾ ਸਕੇਗਾ। ਪਰ ਜੇ ਅਸੀ ਬਾਹਰੋਂ ਤਾ ਇਹ ਕਹੀ ਜਾਈਏ ਕਿ ਉਹ ਸਾਡੇ ਅੰਗ ਸੰਗ ਹੈ, ਪਰ ਕਰੀ ਜਾਈਏ ਹਰ ਕਰਮ ਐਸੇ ਜਿਹੜੇ ਜਾਹਰ ਕਰਨ ਕਿ ਉਹ ਤਾਂ ਕਿਤੇ ਦੂਰ ਬੈਠਾ ਹੋਵੇਗਾ, ਇਹ ਭੁੱਲ ਕੇ ਕਿਹਨੂੰ ਤੇ ਕਿਥੇ ਲੇਖਾ ਦੇਣਾ ਹੈ, ਤਦ ਫਿਰ ਕੀ ਇਹ ਨਹੀ ਕਿਹਾ ਜਾ ਸਕਦਾ ਕਿ ਅੰਦਰੋਂ ਅਸੀਂ ਨਾਸਤਕ ਹਾ। ਪਰ ਇਹ ਨਾਸਤਕ ਆਖਣਾ ਤੇ ਹੋਰ ਸੱਚੀਆ ਗੱਲਾ ਆਖਣੀਆ ਬੜੀਆ ਕੜਵੀਆਂ ਲੱਗਦੀਆ ਹਨ। ਇਸ ਤਰ੍ਹਾ ਦੀਆ ਸੱਚੀਆ ਗੱਲਾ ਸਤਿਗੁਰੂ ਗੁਰੂ ਨਾਨਕ ਸਾਹਿਬ ਜੀ ਨੇ ਜਿਥੇ ਵੀ ਉਹ ਗਏ ਆਖੀਆ। ਕਈ ਵਡਭਾਗਿਆ ਨੇ ਤਾ ਮੰਨ ਲਈਆ ਤੇ ਤਰ ਗਏ, ਪਰ ਕਈਆ ਨੇ ਮੰਨਣ ਦੀ ਥਾ ਇੱਟਾਂ ਪੱਥਰ ਵੀ ਮਾਰੇ ਪਾਗਲ ਬੇਤਾਲਾ, ਭੂਤਨਾ ਆਦਿ ਵੀ ਆਖਿਆ। ਇਨ੍ਹਾ ਗੱਲਾ ਨੂੰ ਦੁਹਰਾਉਣਾ ਵੀ ਉਹੋ ਜਿਹੀ ਪਰ ਉਸ ਤੋਂ ਵੀ ਵੱਧ ਔਖਿਆਈ ਤੇ ਔਕੜਾ ਪੇਸ਼ ਕਰਦਾ ਆਇਆ ਹੈ ਤੇ ਕਰਦਾ ਰਹੇਗਾ, ਕਿਉਂਕਿ ਗੁਰੂ ਸਾਹਿਬ ਵਾਲੀ ਸ਼ਕਤੀ ਇਥੇ ਕੰਮ ਨਹੀ ਕਰ ਸਕਦੀ, ਪਰ ਫਿਰ ਵੀ ਗੁਰੂ ਸਾਹਿਬਾਨ ਦੇ ਸਹੀ ਉਪਦੇਸ਼ ਅਤੇ ਸਿਖਿਆ ਤੇ ਚੱਲਣ ਲਈ ਮੁੜ ਮੁੜ ਆਪਣੇ ਆਪ ਨੂੰ ਸਾਨੂੰ ਯਾਦ ਦਿਲਾਈ ਜਾਦੇ ਰਹਿਣਾ ਚਾਹੀਦਾ ਹੈ, ਕਿਉਂਕਿ ਅਸਲੀਅਤ ਨੂੰ ਵਿਗਾੜਨ ਵਾਲੇ ਬਹੁਤ ਹੁੰਦੇ ਹਨ, ਤੇ ਹੌਲੀ ਹੌਲੀ ਆਪਣੇ ਆਪ ਵੀ ਕਈ ਡੂੰਘੀਆ ਰਮਜ਼ਾ ਨੂੰ ਲਫ਼ਜ਼ੀ ਮਤਲਬ (ਜਿਵੇਂ ਗੁਰੂ ਮੂਰਤ ਨੂੰ) ਦੇ ਕੇ ਅਸਲੀਅਤ ਨੂੰ ਇਸ ਹੱਦ ਤਕ ਵਿਗਾੜ ਲਿਆ ਜਾਦਾ ਹੈ ਕਿ ਜੇ ਕੋਈ ਉਸ ਡੂੰਘੀ ਰਮਜ਼ ਬਾਰੇ ਗਲ ਕਰੇ ਤਾਂ ਉਸ ਲਈ ਘਾਤਕ ਤਕ ਸਾਬਤ ਹੁੰਦਾ ਆਇਆ ਹੈ ਤੇ ਸਦਾ ਹੋ ਸਕਦਾ ਹੈ। ਸੋ ਦਲਦਲ ਵਿਚ ਫਸਣ ਤੋਂ ਬਚਣ ਲਈ ਅਸਲੀਅਤ ਨੂੰ ਦੁਹਰਾ ਕੇ ਉਸ ਦਾ ਪੱਲਾ ਫੜੀ ਰੱਖਣ ਦੀ ਕੋਸ਼ਿਸ਼ ਵਿਚ ਰਹਿਣਾ ਚਾਹੀਦਾ ਹੈ। ਜਿਵੇਂ ਪੁਰਾਤਨ ਸਿੰਘਾਂ ਨੇ ਅਸਲੀਅਤ ਤੇ ਚਲ ਕੇ ਗੁਰੂ ਪ੍ਰਮਾਤਮਾ ਨੂੰ ਸਦਾ ਅੰਗ ਸੰਗ ਸਮਝਦਿਆ ਹੋਇਆ ਹਰ ਕਦਮ ਪੁੱਟਦੇ ਹੋਏ ਸਾਡੇ ਵਾਸਤੇ ਚਾਨਣ ਮੁਨਾਰੇ ਦੇ ਰੂਪ ਵਿਚ ਸੁਨਹਿਰੀ ਇਤਿਹਾਸ ਸਿਰਜ ਕੇ ਰੱਖ ਦਿੱਤਾ ਤੇ ਅਸੀਂ —? ਸਾਨੂੰ ਆਪਣੇ ਵੱਲ ਝਾਤ ਮਾਰਨ ਦੀ ਅਵੱਸ਼ ਲੋੜ ਹੈ, ਭਾਵ ਆਪਣੀ ਪ੍ਰੀਖਿਆ ਕਰਨ ਦੀ



www.AKJ.Org

ਕੋਈ ਇਹ ਸਵਾਲ ਕਰ ਸਕਦਾ ਹੈ ਕਿ ਐਸਾ ਸੱਚਾ ਸੁੱਚਾ ਅਸਲੀਅਤ ਅਤੇ ਸਚਾਈ ਤੇ ਅਧਾਰਤ ਗੁਰੂ ਨਾਨਕ ਦਾ ਮਤਿ ਫਿਰ ਸਾਰੇ ਹੀ ਤੇ ਇਕ ਦਮ ਫੈਲਿਆ ਕਿਉਂ ਨਹੀ?ਇਸ ਦਾ ਉੱਤਰ ਵੀ ਕੋਈ ਔਖਾ ਨਹੀ। ਇਕ ਤਾ ਸਚਾਈ ਅਤੇ ਅਸਲੀਅਤ ਦੇ ਪੁਜਾਰੀ ਬਹੁਤ ਘੱਟ ਹੁੰਦੇ ਹਨ। ਦੂਸਰੇ ਗੁਰੂ ਨਾਨਕ ਸਾਹਿਬ ਕਿਸੇ ਦੀ ਨਾ ਹੀ ਤਾਂ ਚਾਪਲੂਸੀ ਕਰਦੇ ਹਨ ਤੇ ਨਾ ਹੀ ਕਿਸੇ ਨੂੰ ਗਲਤ ਤਸੱਲੀ ਦਿੰਦੇ ਹਨ ਤੇ ਨਾ ਹੀ ਕਿਸੇ ਨੂੰ ਬਹਿਸ਼ਤਾਂ ਤੇ ਸਵਰਗਾਂ ਦੇ ਝੂਠੇ ਲਾਰੇ ਲਾਉਦੇ ਹਨ ਅਤੇ ਨਾ ਹੀ ਕਿਸੇ ਨੂੰ ਉਸ ਦੇ ਚੰਗੇ ਕੰਮ ਕੀਤਿਆਂ ਬਿਨਾ ਪਾਪ ਮੁਆਫ ਕਰਵਾਉਣ ਲਈ ਦਲੀਲੀ ਕਰਨ ਦਾ ਲਾਰਾ ਲਾਉਂਦੇ ਹਨ। ਉਹ ਤਾਂ ਠੀਕ ਰਸਤਾ ਦਿਖਾ ਕੇ ਆਪੋ ਆਪਣੀ ਕਰਨੀ ਦਾ ਨਤੀਜਾ ਭੁਗਤਣ ਲਈ ਆਖਦੇ ਹਨ। ਕਿਉਂਕਿ ਪ੍ਰਮਾਤਮਾ ਦੇ ਸੱਚੇ ਦਰਬਾਰ ਵਿਚ ਸਚਾਈ ਤੇ ਅਸਲੀਅਤ ਤੇ ਚਲਣ ਵਾਲਿਆਂ ਦਾ ਹੀ ਛੁਟਕਾਰਾ ਹੋਇਆ ਹੈ ਤੇ ਹੁੰਦਾ ਆ ਰਿਹਾ ਹੈ। ਪਰ ਬੰਦੇ ਬਹਿਸ਼ਤ ਤੇ ਸਵਰਗਾਂ ਦੇ ਵਾਅਦੇ ਤੇ ਪਾਪਾਂ ਦੀ ਬਿਨਾ ਨੇਕ ਕੰਮ ਕੀਤਿਆ ਮੁਆਫੀ ਲਈ ਵਕਾਲਤ ਚਾਹੁੰਦੇ ਹਨ, ਜੋ ਗੁਰੂ ਘਰ ਵਿਚ ਨਹੀ।

ਸੋ ਇਸ ਵਿਸ਼ੇ ਦਾ ਸਾਰ ਅੰਸ਼ ਇਹ ਹੀ ਹੈ ਕਿ ਜਿੱਥੇ ਗੁਰੂ ਜੀ ਨੇ ਉਨ੍ਹਾਂ ਕੁਰਾਹੇ ਪਿਆਂ ਤੇ ਵਿਹਲੇ ਰਹਿ ਕੇ ਹੋਰਨਾ ਦੇ ਹੱਥਾਂ ਵਲ ਦੇਖਣ ਤੇ ਹੋਰਨਾਂ ਦੇ ਮੋਢਿਆਂ ਦਾ ਭਾਰ ਬਣੇ ਸਾਧੂ ਜਨਾ ਨੂੰ ਰੱਬ ਜੀ ਦਾ ਘਟ ਘਟ ਜ਼ਰੇ ਜ਼ਰੇ ਅਤੇ ਹਰ ਕਿਸੇ ਦੇ ਦਿਲ ਵਿਚ ਵਸਣਾ ਦਰਸਾ ਕੇ ਤੇ ੨੦ ਰੁਪਇਆ ਦੀ ਰਸਦ ਦਾ ਲੰਗਰ ਖੁਆ ਕੇ ਘਰਾਂ ਨੂੰ ਮੁੜਨ ਦੀ ਸਿਖਿਆ ਦਿੱਤੀ ਤਾ ਕਿ ਦਸਾਂ ਨੌਹਾਂ ਦੀ ਕਿਰਤ ਕਰਕੇ ਆਪਣੇ ਮਾ ਪਿਉ ਘਰ ਵਾਲੀ ਤੇ ਬੱਚਿਆਂ ਦੀ ਦੇਖ ਭਾਲ ਕਰਕੇ ਅਤੇ ਘਰ ਵਿਚ ਤੇ ਸੰਗੀ ਸਾਥੀਆ ਨਾਲ ਸੰਗਤ ਕਰਕੇ ਗੁਰੂ ਪ੍ਰਮਾਤਮਾ ਦਾ ਜਸ ਕਰਕੇ ਉਸ ਦੀ ਨੇੜਤਾ ਸਹਿਜੇ ਹੀ ਪ੍ਰਾਪਤ ਕਰ ਸਕਣ ਉਥੇ ਇਸ ਰਾਹੀ ਸਾਨੂੰ ਸੱਚੇ ਸੁੱਚੇ ਕਿਰਤੀ ਦੇ ਰੂਪ ਵਿਚ ਉਸ ਰੱਬ ਦੇ ਪੁਜਾਰੀ ਬਣਾਇਆ ਹੈ ਜੋ ਹਰ ਥਾ ਹਰ ਦਿਲ ਤੇ ਖਾਸ ਕਰਕੇ ਸੰਗਤ ਵਿਚ ਰਹਿੰਦਾ ਹੈ ਅਤੇ ਉਸ ਨੂੰ ਹਰ ਸਮੇਂ ਅੰਗ ਸੰਗ ਸਮਝਕੇ ਜੀਵਨ ਦੇ ਦੋਨੋਂ ਪੈਰਾਂ ਧਰਮ ਤੇ ਧੰਨ ਦੀ ਠੀਕ ਵਰਤੋਂ ਕਰਕੇ ਜੀਵਣ ਜੀਉਣ ਦੀ ਜਾਚ ਦੱਸੀ ਹੈ। ਇਹ ਸੀ ਸੱਚਾ ਸੋਦਾ ਸੰਪੂਰਨ ਜੀਵਨ ਦੀ ਅਸਲੀਅਤ ਦਰਸਾਉਦਾ ਜਿਸ ਨੇ ਵਿਹਲੜਾਂ ਤੇ ਹੋਰਨਾਂ ਤੇ ਭਾਰ ਬਣਨ ਵਾਲਿਆ ਤੇ ਕੁਰਾਹੇ ਪਿਆ ਨੂੰ ਸਭ ਤੋਂ ਪ੍ਰਧਾਨ ਸੱਚੇ ਤੇ ਸੁੱਚੇ ਗ੍ਰਹਿਸਤ ਮਾਰਗ ਤੇ ਤੋਰ ਦਿੱਤਾ ਭਾਵੇ ਘਰ ਆ ਕੇ ਉਸ ਦੇ ਬਦਲੇ ਆਪ ਚਪੇੜਾ ਹੀ ਖਾਧੀਆ।

---

## ਕਲਜੁਗੀ ਸੰਤ

ਨਿਸ਼ਾਨ ਸਿੰਘ ਗੰਡੀਵਿੰਡ

ਦਿਲ ਖਿਚਵਾ ਲਿਬਾਸ ਹੋਵੇ, ਜੁੱਤੀ ਤਿੱਲੇਦਾਰ ਹੋਵੇ। ਲੋਕੀਂ ਉਹਨੂੰ ਸੰਤ ਆਖਦੇ.........।
ਜਿਸ ਕੋਲ ਵੱਡੀ ਕਾਰ ਹੋਵੇ। ਬੀਬੀਆ ਲੱਤਾਂ-ਗੋਡੇ ਘੁੱਟਣ, ਚਿਰਾ ਤੋਂ ਜਿਵੇਂ ਬੀਮਾਰ ਹੋਵੇ।
ਕਾਮ, ਕ੍ਰੋਧ, ਲੋਭ, ਮੋਹ ਤੇ ਭਰਿਆ ਨਾਲ ਹੰਕਾਰ ਹੋਵੇ। ਲੋਕੀਂ ਉਹਨੂੰ ਸੰਤ ਆਖਦੇ .....
ਕੰਮਪਿਊਟਰ ਸਿਸਟਮ ਕਮਰਾ ਹੋਵੇ, ਲੱਗਾ ਵੀ. ਸੀ. ਆਰ ਹੋਵੇ।
ਬੇਈਮਾਨ ਤੇ ਕਪਟੀ ਹੋਵੇ, ਰੱਜਕੇ ਭ੍ਰਿਸ਼ਟਾਚਾਰ ਹੋਵੇ। ਲੋਕੀਂ ਉਹਨੂੰ ਸੰਤ ਆਖਦੇ.....।
ਸਰਕਾਰੇ, ਦਰਬਾਰੇ ਚੱਲੇ, ਰਾਜਨੀਤੀ ਵਿੱਚ ਮਾਹਰ ਹੋਵੇ।
ਪੰਥਕ ਮਾਣ ਮਰਯਾਦਾ ਦੇ ਨਾਲ ਕਰਦਾ ਉਹ ਖਿਲਵਾੜ ਹੋਵੇ। ਲੋਕੀਂ ਉਹਨੂੰ ਸੰਤ ਆਖਦੇ.....।
ਮਜ਼ਬੀ ਸਿੱਖਾਂ ਦੇ ਲਈ' ਅੰਮ੍ਰਿਤ, ਕਰਦਾ ਵੱਖ ਤਿਆਰ ਹੋਵੇ।
ਅੰਧ ਵਿਸ਼ਵਾਸੀ ਲੋਕਾਂ ਦੇ ਲਈ, ਓਹ ਗੁਰੂ-ਅਵਤਾਰ ਹੋਵੇ। ਲੋਕੀਂ ਉਹਨੂੰ ਸੰਤ ਆਖਦੇ .....।
"ਸਚਹੁ ਓਰੈ ਸਭੁ ਕੋ, ਉਪਰਿ ਸਚੁ ਆਚਾਰੁ" ਹੋਵੇ।
ਗੁਰਮਤਿ ਦਾ ਧਾਰਨੀ ਹੋਵੇ, ਮੰਨਦਾ ਇਕ-ਓਅੰਕਾਰ ਹੋਵੇ।
'ਗੰਡੀ ਵਿੰਡੀਆ ਸੰਤ ਈ ਉਹੀ, ਜਿਸਦਾ ਇਹ ਕਿਰਦਾਰ ਹੋਵੇ।
ਵਿੱਚ ਲੋਕ-ਪਰਲੋਕ 'ਨਿਸ਼ਾਨ' ਓਸਦੀ ਜੈ ਜੈ ਕਾਰ ਹੋਵੇ।


www.AKJ.Org

# ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ

*(ਬੀਬੀ ਸੁਸ਼ੀਲ ਕੌਰ ਲੁਧਿਆਣਾ)*

ਦੁਨੀਆਂ ਵਿੱਚ ਗੁਰੂ ਚੇਲੇ ਦੀ ਪ੍ਰੰਪਰਾ ਹਮੇਸ਼ਾ ਤੋਂ ਹੀ ਚਲੀ ਆ ਰਹੀ ਹੈ। ਕੁਝ ਜਾਨਣ ਦੀ ਭੁੱਖ, ਕੁਝ ਸਿੱਖਣ ਦੀ ਭੁੱਖ ਹਮੇਸ਼ਾ ਸਾਨੂੰ ਗੁਰੂਆ ਦੀ ਸ਼ਰਣ ਵਿੱਚ ਲੈ ਜਾਦੀ ਹੈ। ਗੁਰੂ ਚੇਲੇ ਦੇ ਰਿਸ਼ਤੇ ਨਾਲ ਸੰਸਾਰ ਵਿੱਚ ਗਿਆਨ ਫੈਲਦਾ ਹੈ। ਅੱਗੇ ਤੋਂ ਅੱਗੇ ਵਧਦਾ ਹੈ।

ਪਰ ਅਗਿਆਨਤਾ ਦੇ ਹਨੇਰੇ ਤੋਂ ਗਿਆਨ ਦੇ ਪ੍ਰਕਾਸ਼ ਵੱਲ ਲਿਜਾਣ ਦਾ ਕੰਮ ਕਦੀ ਕਿਸੇ ਗੁਰੂ ਦੇ ਸਰੀਰ ਨੇ ਨਹੀਂ ਕੀਤਾ। ਇਹ ਕੰਮ ਤਾ ਗੁਰੂ ਦਾ ਗਿਆਨ ਹੀ ਕਰਦਾ ਹੈ। ਗੁਰੂ ਦਾ ਕਰਮ ਕਰਦਾ ਹੈ।

ਗੁਰੂ ਦਾ ਸਰੀਰ ਭਾਵੇਂ ਕਿਹੋ ਜਿਹਾ ਵੀ ਹੋਵੇ ਕੋਈ ਖਾਸ ਫਰਕ ਨਹੀਂ ਪੈਂਦਾ। ਚੇਲੇ ਨੂੰ ਜੋ ਮਿਲਣਾ ਹੈ ਉਹ ਗੁਰੂ ਦੀ ਮਾਨਸਿਕ ਸ਼ਕਤੀ ਤੋਂ ਹੀ ਮਿਲਦਾ ਹੈ। ਉਸਦੀ ਆਤਮਿਕ ਸ਼ਕਤੀ ਤੋਂ ਮਿਲਦਾ ਹੈ।

ਇਸ ਅਟੱਲ ਸਚਾਈ ਤੋਂ ਕੋਈ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰੂਆਂ ਦੀ ਮਾਨਸਿਕ ਸ਼ਕਤੀ ਜਾ ਆਤਮਿਕ ਜੋਤ ਦੇ ਦੀਵੇ ਉਨ੍ਹਾ ਦੀ ਬਾਣੀ ਰਾਹੀਂ ਹੀ ਜਗਦੇ ਹਨ। ਇਹ ਦੀਵੇ ਉਨ੍ਹਾ ਦੇ ਜੀਵਨ ਕਾਲ ਵਿੱਚ ਹੀ ਨਹੀਂ ਸਗੋਂ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਪਿਛੋਂ ਵੀ ਜਗਦੇ ਰਹਿੰਦੇ ਹਨ।

ਜਿਹਨਾ ਗੁਰੂਆਂ ਕੋਲ ਚਾਨਣ ਦੇ ਦੀਵੇ ਹੁੰਦੇ ਹਨ। ਉਹ ਗਿਆਨ ਦੀਆ ਰਿਸ਼ਮਾਂ ਵੰਡਦੇ ਹੋਏ ਹਨੇਰੇ ਨੂੰ ਚਾਨਣ ਵਿੱਚ ਬਦਲਣ ਦੇ ਆਹਰ ਵਿੱਚ ਜੁਟੇ ਰਹਿੰਦੇ ਹਨ।

ਦੁਨੀਆਂ ਵਿੱਚ ਜੀਵਨ ਜਾਚ ਸਿੱਖਣ ਲਈ ਅਤੇ ਰੂਹਾਨੀ ਮੰਜ਼ਿਲਾ ਤਹਿ ਕਰਨ ਲਈ ਮਨੁੱਖ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੰਪੂਰਣ ਗੁਰੂ ਹਨ। ਆਪਣੇ ਆਪ ਨੂੰ ਗਿਆਨ ਰਿਸ਼ਮਾਂ ਨਾਲ ਰੰਗਣ ਲਈ ਅਤੇ ਭਗਤੀ ਦੇ ਅਥਾਹ ਸਾਗਰਾ ਦਾ ਥਹੁ ਪਤਾ ਲਗਾ ਕੇ ਜੋਤ ਸਰੂਪੀ ਵਾਹਿਗੁਰੂ ਜੀ ਦੇ ਦਰਸ਼ਨ ਕਰਨ ਲਈ, ਅਨਹਦ ਧੁਨੀਆਂ ਅਤੇ ਦਸਮ ਦੁਆਰ ਦੇ ਰਸ ਪ੍ਰਾਪਤ ਕਰਨ ਲਈ ਗੁਰਸਿਖ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਝੋਲੀ ਫੈਲਾਉਂਦਾ ਹੈ ਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆ ਉਤੋਂ ਸਾਰੇ ਗੁਰੂਆ ਭਗਤਾਂ ਅਤੇ ਸੰਤਾ ਦੇ ਜੋਤ ਸਰੂਪੀ ਦੀਵੇ ਬਲਣ ਲਗ ਪੈਂਦੇ ਹਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਾਨੂੰ ਗਿਆਨ ਦੀ ਇਸ ਦੀਪ ਮਾਲਾ ਦੇ ਹਵਾਲੇ ਕਰਨ ਲਈ ਹੀ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ 'ਤੇ ਬਿਰਾਜਮਾਨ ਕੀਤਾ ਸੀ।

ਸਾਨੂੰ ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਾਹਰੀ ਸਰੂਪ ਦੇ ਦਰਸ਼ਨ ਕਰਕੇ ਤਸੱਲੀ ਨਹੀਂ ਕਰ ਲੈਣੀ ਚਾਹੀਦੀ। ਸੋਹਣੇ ਰੁਮਾਲੇ, ਚੰਦੋਏ, ਚੌਰ ਅਤੇ ਹੋਰ ਜਲੌ ਦੀਆਂ ਚੀਜ਼ਾਂ ਤਾਂ ਉਸੇ ਤਰ੍ਹਾ ਹੀ ਹਨ ਜਿਵੇਂ ਕੋਈ ਚੇਲਾ ਆਪਣੇ ਗੁਰੂ ਦੇ ਵਸਤਰ ਦੇਖ ਕੇ ਕਹਿ ਦੇਵੇ ਕਿ ਮੈਂ ਗੁਰੂ ਦੇ ਦਰਸ਼ਨ ਕਰ ਲਏ ਹਨ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਿਆ ਦੇ ਉਤੇ ਲਿਖੀ ਬਾਣੀ ਦੇ ਸ਼ਬਦਾਂ ਦੇ ਦਰਸ਼ਨ ਕਰਕੇ ਵੀ ਦੇਹ ਧਾਰੀ ਗੁਰੂਆਂ ਦੇ ਹੱਡ ਮਾਸ ਦੇ ਜਿਸਮ ਦੇ ਦਰਸ਼ਨ ਕਰਨ ਜਿਹੀ ਗਲ ਹੋ ਜਾਂਦੀ ਹੈ।

ਅਸਲੀ ਤਾਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ ਉਦੋਂ ਕਰਦੇ ਹਾ ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸ਼ਬਦ-ਗੁਰੂ ਦੀ ਪਛਾਣ ਕਰਕੇ ਬਾਣੀ ਉਤੇ ਅਮਲ ਕਰਦੇ ਹਾਂ। ਫਿਰ ਸਾਡੀ ਸੋਚ ਬਾਣੀ ਦੀ ਸੋਚ ਬਣ ਜਾਂਦੀ ਹੈ। ਅਸੀਂ ਬਾਣੀ ਦੇ ਝਰੋਖੇ ਵਿੱਚ ਇਸ ਦੁਨੀਆਂ ਦੀ ਹੀ ਨਹੀਂ ਸਗੋਂ ਵਿਸ਼ਵ ਦੇ ਗਿਆਨ ਦੀ ਪ੍ਰਾਪਤੀ ਕਰ ਲੈਂਦੇ ਹਾਂ। ਜੇ ਗੁਰੂ ਨਾਨਕ ਦੀ ਬਾਣੀ ਪੜ੍ਹਦੇ ਹਾ ਤਾ ਇੰਜ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਨਿਰੰਕਾਰੀ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆਂ ਤੋਂ ਉਮੜ੍ਹ-ਉਮੜ੍ਹ ਕੇ ਸਾਡੀ ਸੁਰਤੀ ਦੀਆ ਡੋਰਾ ਨੂੰ ਫੜ ਨਿਰੰਕਾਰ ਦੇ ਦੇਸ਼ ਪਹੁੰਚਾਈ ਜਾਂਦੀ ਹੈ।

ਦੂਜੇ ਨਾਨਕ ਦੀ ਬਾਣੀ ਪੜ੍ਹਦੇ ਹਾਂ ਤਾਂ ਉਸ ਵਿੱਚੋਂ ਵੀ ਨਾਨਕ ਹੀ ਝਾਕਣ ਲੱਗ ਪੈਂਦਾ ਹੈ। ਤੀਜੇ ਨਾਨਕ ਦੀ ਬਾਣੀ, ਨਾਨਕ ਜੋਤ ਦੇ ਆਸਰੇ ਕਦੀ ਅਨੰਦ ਸਾਹਿਬ ਦੇ ਅਨੰਦ-ਮਈ ਸਾਗਰਾਂ ਵਿੱਚ ਡੁਬੋ ਲੈਂਦੀ ਹੈ ਤੇ ਕਦੀ ਅਨਹਦੀ ਸੁਰਾ ਵਿੱਚ ਸੁਖ-ਸੋਹਿਲੜੇ ਗਾਉਂਦਿਆ ਅਨਹਦੀ ਰਸਾਂ ਵਿੱਚ ਲਹਿਰਾਉਣ ਲੱਗ ਪੈਂਦੀ



www.AKJ.Org

ਹੈ। ਚੌਥੇ ਅਤੇ ਪੰਜਵੇਂ ਨਾਨਕ ਦੀ ਬਾਣੀ ਪੜ੍ਹਦਿਆ ਉਹ ਕੋਲ ਕੋਲ ਹੀ ਦਿਸਦੇ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਿਆ ਉਤੋਂ ਸਾਡੇ ਗੁਰੂਆਂ ਦੀਆਂ ਜਗਦੀਆਂ ਜੋਤਾ ਸਾਨੂੰ ਰੰਗ ਲੈਂਦੀਆਂ ਹਨ ... ਅਪਣੇ ਹੀ ਰੰਗਾ ਵਿੱਚ। ਸ੍ਰੀ ਗੁਰੂ ਤੇਗ ਬਹਾਦਰ ਜੀ ਡੁੱਬਦੇ ਬੇੜੇ ਪਾਰ ਕਰਨ ਵਾਲੇ, ਸਾਡੇ ਪਿਆਰੇ ਸਤਿਗੁਰੂ ਜੀ ਸਾਨੂੰ ਘੋਰ ਕਲਯੁਗ ਦੇ ਅਸਰਾ ਵਿੱਚ ਰੁੜ੍ਹੇ ਜਾਂਦਿਆ ਨੂੰ ਆਪਣੇ ਸਹਾਰੇ ਦੀ ਠੁੰਮਣਾ ਦੇ ਕੇ ਬੇੜੇ ਪਾਰ ਕਰਨ ਲਈ ਨੌਵੇਂ ਨਾਨਕ ਬਣ ਕੇ ਆ ਬਹੁੜਦੇ ਹਨ। ਜੀਵਨ ਦੀ ਅਸਲੀ ਸਚਾਈ ਦੇ ਦਰਸ਼ਨ ਕਰਵਾਉਂਦੇ ਹਨ, ਮੌਤ ਦੀ ਜਾਣ ਪਛਾਣ ਕਰਵਾਉਣ ਪਿਛੋਂ ਮੌਤ ਤੋਂ ਅਗਲੀ 'ਅਵਸਥਾ ਵਲ ਵੀ ਝਾਤ ਮਰਵਾ ਦਿੰਦੇ ਹਨ। ਤਾ ਉਸ ਵੇਲੇ ਮੱਖਣ ਸ਼ਾਹ ਲੁਬਾਣੇ ਵਾਗੂੰ ਕੋਠੇ ਚੜ੍ਹ ਕੇ "ਗੁਰੂ ਲਾਧੋ ਰੇ.... ਗੁਰੂ ਲਾਧੋ ਰੇ ....।" ਕਹਿ ਕੇ ਦੁਹਾਈਆ ਪਾਉਣ ਨੂੰ ਦਿਲ ਕਰਦਾ ਹੈ।

ਜਦੋਂ ਅਸੀਂ ਮਾਨਸਿਕ ਸ਼ਕਤੀ ਨੂੰ ਇਕੱਠੀ ਕਰਕੇ, ਪ੍ਰੇਮ-ਪਿਆਰ ਵਿੱਚ ਭਿੱਜ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਚਰ ਰਹੀ ਨਿਰੰਕਾਰੀ ਜੋਤ ਦੇ ਦਰਸ਼ਨ ਕਰਦੇ ਹਾ ਤਾਂ ਬਖਸ਼ਿਸ਼ਾ ਦੇ ਭੰਡਾਰ ਲਗ ਜਾਦੇ ਹਨ।

ਦੁਖਾ ਤਕਲੀਫਾ ਸਮੇਂ ਅਤੇ ਰੂਹਾਨੀ ਰਸਤੇ ਵਿੱਚ ਆਉਂਦੀਆ ਰੁਕਾਵਟਾ ਦਾ ਸਾਹਮਣਾ ਕਰਨ ਲਈ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਢਹਿ ਢੇਰੀ ਹੋ ਕੇ ਅਰਦਾਸ ਕਰਦੇ ਹਾ ਤਾ ਸਰਬ-ਕਲਾ ਸਮਰੱਥ ਸਤਿਗੁਰਾ ਦੀ ਨਿਰੰਕਾਰੀ• ਜੋਤ ਸਾਡੇ ਦੁਨਿਆਵੀ ਸੁਖਾਂ ਦਰਦਾ ਦਾ ਵੀ ਨਾਸ਼ ਕਰਦੀ ਹੈ ਤੇ ਰੂਹਾਨੀਅਤ ਦੇ ਤਲਵਾਰ ਦੀ ਧਾਰ ਨਾਲੋਂ ਵੀ ਤਿੱਖੇ ਅਤੇ ਵਾਲ ਨਾਲੋਂ ਵੀ ਜ਼ਿਆਦਾ ਮਹੀਨ ਰਸਤਿਆ ਉਤੇ ਗੁਰਸਿਖੀ ਜੀਵਨ ਦੀਆਂ ਅਨੰਦ-ਮਈ ਛਹਿਬਰਾ ਵਿੱਚ ਭਿੱਜ ਕੇ ਚਲਣ ਦੀਆਂ ਸਾਰੀਆਂ ਵਿਧੀਆ ਦੀ ਸੋਝੀ ਪਾਉਂਦੀ ਹੈ, ਹਿੰਮਤ ਬਖਸ਼ਦੀ ਹੈ ਤੇ ਬਾਹ ਫੜ ਕੇ ਬੇੜੇ ਪਾਰ ਕਰਦੀ ਹੈ।

ਦਾਤਾਰ ਪਿਤਾ ਦੀ ਮੇਹਰ ਨਾਲ ਜਦੋਂ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਰਾਹੀਂ ਗੁਰੂਆ ਭਗਤਾ ਤੇ ਸੰਤਾ ਦੀਆ ਉਚੀਆ ਸੁੱਚੀਆਂ ਹਸਤੀਆਂ ਨਾਲ ਜੁੜ ਕੇ ਬਾਣੀ ਪੜ੍ਹਦੇ ਹਾਂ, ਉਨ੍ਹਾ ਦੀ ਸੰਗਤ ਦਾ ਰੰਗ ਮਾਣਦੇ ਹਾ ਤਾ ਇਹ ਗੁਰੂ ਭਗਤ ਤੇ ਸੰਤ ਸਾਰੇ ਆ ਕੇ ਸਾਡੀਆ ਬਾਹਾ ਫੜਦੇ ਹਨ। ਬਾਣੀ ਰਾਹੀਂ ਸਾਡੀਆ ਸੁਰਤੀਆ ਨੂੰ ਅਕਾਲ ਪੁਰਖ ਨਾਲ ਜੋੜਨ ਦਾ ਕੰਮ, ਕਰਕੇ ਗੁਰੂ ਦਾ ਕਰਮ ਸੰਪੂਰਨ ਕਰਨ ਵਿੱਚ ਸਫਲਤਾ ਪ੍ਰਾਪਤ ਕਰਦੇ ਹਨ। ਕਦੀ ਸਾਨੂੰ ਵਿਸਮਾਦ ਅਵਸਥਾ ਵਿੱਚ ਲਿਜਾ ਕੇ ਕੁਦਰਤ ਦੇ ਅਸਚਰਜ ਨਜਾਰਿਆਂ ਦੀ ਸੈਰ ਕਰਵਾਉਂਦੇ ਹਨ। ਕਦੀ ਬਿਰਹੋਂ ਦੇ ਅਣਿਆਲੇ ਤੀਰਾ ਦੀਆ ਬੁਛਾੜਾ ਵਿੱਚ ਸਾਡੇ ਨੌਂਵ - ਬਿਰਹੜੇ ਦੀ ਝੜੀ ਲਗਵਾਉਂਦੇ ਹਨ।

ਕਬੀਰ ਵਰਗਾ ਕਦੀ ਕਦੀ ਮਲਕੜੇ ਜਿਹੇ ਸੱਚ ਦੀ ਗੰਢ ਫਰੋਲ ਕੇ ਚੰਗੇ ਮਾੜੇ ਦੀ ਪਛਾਣ ਕਰਵਾ ਦਿੰਦਾ ਹੈ। ਰਵਿਦਾਸ ਬੇਗਮਪੁਰੇ ਦੀ ਸੈਰ ਕਰਵਾ ਸਵਰਗਾਂ ਨੂੰ ਵੀ ਪਿੱਛੇ ਛੱਡ ਜਾਦਾ ਹੈ। ਧੰਨਾ ਜੱਟ ਪਿਆਰ ਦੀ ਜਿੱਦ ਨਾਲ ਹੀ ਰੱਬ ਨੂੰ ਪਾਉਣ ਦੀ ਜਾਚ ਸਿਖਾ ਦਿੰਦਾ ਹੈ।

## ਸਤਿਗੁਰੂ ਜੀ ਅੱਗੇ ਜੋਦੜੀ

*ਜਿਵੇਂ ਕਿ ਪਿਛਲੇ ਕਈ ਅੰਕਾਂ ਵਿਚ ਅਖੰਡ ਕੀਰਤਨੀ ਜੱਥੇ ਵਿਚ ਪੈਦਾ ਹੋਏ ਵਿਵਾਦਾਂ ਦੇ ਸੁਲਝਾ ਲਈ ਜੱਥੇ ਦੀਆਂ ਸਮੂਹ ਹਿਤੈਸ਼ੀ ਸੰਗਤਾਂ ਨੂੰ ਸਤਿਗੁਰੂ ਜੀ ਅੱਗੇ ਆਪਣੀਆਂ ਭੁੱਲਾਂ ਬਖਸ਼ਾ ਕੇ ਮੁੜ ਕੇ ਨਾਮ ਰੰਗਾਂ ਦੇ ਪ੍ਰੇਮ ਅਖਾੜੇ ਬਖਸ਼ਣ ਲਈ ਅਰਦਾਸ ਕਰਨ ਦੀ ਬੇਨਤੀ ਕੀਤੀ ਗਈ ਸੀ ਉਸੇ ਲੜੀ ਵਿਚ ਹੁਣ ਅਗਲਾ ਅਰਦਾਸ ਦਿਵਸ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਵਾਲੇ ਦਿਨ ੨੧ ਫਰਵਰੀ ਨੂੰ ਮਿੱਥਿਆ ਗਿਆ ਹੈ। ਸੋ ਸਮੂਹ ਸੰਗਤਾਂ ਪ੍ਰਤੀ ਬਿਨੈ ਹੈ ਕਿ ਆਪਣੇ ਹੋਰ ਸੱਜਣਾਂ ਮਿਤਰਾਂ ਜਿਨ੍ਹਾਂ ਨੂੰ ਨਾ ਪਤਾ ਹੋਵੇ ਸੁਨੇਹਾ ਪਹੁੰਚਾ ਕੇ ੨੧ ਫਰਵਰੀ ਨੂੰ ਕਿਸੇ ਵੇਲੇ ਵੀ ਨਿਤਨੇਮ ਤੋਂ ਇਲਾਵਾ ਇਕ ਹੋਰ ਜਪੁਜੀ ਸਾਹਿਬ ਦੇ ਜਾਪ ਕਰਕੇ ਅਰਦਾਸ ਦਿਵਸ ਵਜੋਂ ਮਨਾਓ ਤਾਂ ਕਿ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਮੁੜ ਕੇ ਪੁਰਾਣੇ ਕੀਰਤਨ ਅਖਾੜਿਆਂ ਵਰਗੇ ਰੰਗ ਮਾਣ ਸਕੀਏ।*

ਦਾਸਰੇ - ਸੂਰਾ ਪਰਿਵਾਰ



www.AKJ.Org

# ਹਰਿ ਜੀ ਮਾਤਾ, ਹਰਿ ਜੀ ਪਿਤਾ, ਹਰਿ ਜੀਉ ਪ੍ਰਤਿਪਾਲਕ॥

(ਇਕ ਪ੍ਰੇਮੀ ਜੀ)

ਧਰਮ-ਰਾਜ ਨੇ ਆਪਣੇ ਦੋ ਦੂਤ ਮਾਤ-ਲੋਕ ਵਿਚ ਭੇਜੇ। ਉਨ੍ਹਾ ਨੇ ਆ ਕੇ ਇਕ ਔਰਤ ਦੀ ਜਾਨ ਕੱਢ ਲਈ। ਕੋਲ ਹੀ ਉਸ ਦਾ ਨਵ-ਜਨਮਿਆ ਬੱਚਾ ਪਿਆ ਸੀ, ਜਿਸ ਨੂੰ ਪੈਦਾ ਹੋਇਆ ਅਜੇ ਕੁਝ ਘੰਟੇ ਹੀ ਹੋਏ ਸਨ। ਇਕ ਜਮ-ਦੂਤ ਦੇ ਮਨ ਵਿਚ ਦਇਆ ਤੇ ਤਰਸ ਆ ਗਿਆ- "ਇਹ ਛੋਟਾ ਬੱਚਾ ਵਿਚਾਰਾ ਕੀ ਕਰੇਗਾ ? ਇਸ ਨੂੰ ਕੌਣ ਪਾਲੇਗਾ ? ਕਿਹਾ ਚੰਗਾ ਹੁੰਦਾ ਜੇ ਧਰਮ ਰਾਜ ਇਸ ਦੀ ਮਾ ਦੀ ਜਾਨ 10-15 ਸਾਲਾ ਬਾਅਦ ਹੀ ਕਢਦਾ।" ਦੂਜੇ ਸਾਥੀ ਨੇ ਇਹ ਸਾਰੇ ਸ਼ੰਕੇ ਧਰਮ-ਰਾਜ ਨੂੰ ਜਾ ਦਸੇ, ਕਿ ਇਹੋ ਜਿਹਾ ਮਾੜੇ ਤੇ ਕਮਜ਼ੋਰ ਦਿਲ ਦਾ ਦੂਤ ਮੇਰੇ ਨਾਲ ਅਗੋਂ ਲਈ ਨਾ ਭੇਜਿਆ ਜਾਏ।

ਧਰਮਰਾਜ ਨੇ ਉਸ ਦੂਤ ਨੂੰ ਪਾਸ ਬੁਲਾ ਕੇ ਸਾਰੇ ਸ਼ੰਕੇ ਪੁਛੇ। ਫਿਰ ਉਸ ਨੂੰ ਆਪਣੇ ਦਰਬਾਰ ਵਿਚੋਂ ਸਜ਼ਾ ਵਜੋਂ 12 ਸਾਲਾ ਲਈ ਕੱਢ ਦਿਤਾ ਤੇ ਮਾਤ-ਲੋਕ ਵਿਚ ਉਸੇ ਨਗਰ ਵਿਚ ਇਕ ਮਨੁਖ ਜੀਉਣ ਦਾ ਆਦੇਸ਼ ਦਿਤਾ। ਤੇ ਕਿਹਾ "ਜਦੋਂ 12 ਸਾਲਾ ਜਾ ਇਸ ਤੋਂ ਭੀ ਵਧ ਸਮੇਂ ਵਿਚ ਤੇਰਾ ਸ਼ੰਕਾ ਨਵਿਰਤ ਹੋ ਜਾਏ ਤਾ ਸਾਡੇ ਪਾਸ ਤੂੰ ਆ ਸਕੇਂਗਾ, ਪਰ ਇਸ ਤੋਂ ਪਹਿਲਾ ਨਹੀਂ।"

ਅਗਲੇ ਪਲ ਉਹ ਦੂਤ ਹੁਣ ਸਿਆਲੀ ਚੰਦ ਦੀ ਚਾਨਣੀ ਰਾਤ ਦੀ ਸੀਤਲ ਲੋਅ ਵਿਚ ਬਿਨਾ ਕਪੜੇ, ਸੁੰਗੜਿਆ ਖੜਾ ਹੈ, ਝਾੜੀਆ ਦੇ ਓਹਲੇ। ਅਚਾਨਕ ਉਸ ਰਸਤੇ ਇਕ ਸ਼ਰਾਬੀ ਬਰੜਾਂਦਾ ਹੋਇਆ ਲੰਘ ਰਿਹਾ ਹੈ। ਇਸ ਨੇ ਉਸ ਨੂੰ ਅਵਾਜ਼ ਦਿਤੀ ਤੇ ਕੋਈ ਕਪੜਾ ਮੰਗਿਆ। ਮਦਹੋਸ਼ ਨੇ ਉਸ ਨੂੰ ਇਸ ਤਰ੍ਹਾ ਨੰਗਿਆ ਵੇਖ ਕੇ ਕੁਝ ਤਰਸ ਖਾਧਾ ਤੇ ਆਪਣੀ ਪਾਟੀ ਟਾਕੀਆਂ ਵਾਲੀ ਲੋਈ ਦਿਤੀ ਤੇ ਆਪਣੇ ਘਰ ਲੈ ਗਿਆ। ਇਹ ਨੀਵੀਂ ਚਮਿਆਰ ਜਾਤੀ ਦਾ ਸੀ, ਜੋ ਬਜਾਰ ਵਿਚ ਮੋਚੀ ਦਾ ਕੰਮ ਕਰਦਾ ਸੀ। ਪਰ ਭੈੜੀ ਇੱਲਤ ਪੈ ਗਈ ਸ੍ਰੀ, ਸ਼ਰਾਬ ਰੋਜ਼ਾਨਾ ਪੀ ਛਡਦਾ ਸੀ, ਚਾਹੇ ਘਰ ਬੱਚਿਆਂ ਲਈ ਲੂਣ-ਦਾਲ-ਆਟਾ ਜੁੜੇ ਜਾ ਨਾ। ਉਸ ਦੀ ਪਤਨੀ ਕਿਤਨਾ ਹੀ ਕਹਿੰਦੀ, ਪਰ 'ਅਮਲੀ' ਅਮਲੀ ਹੀ ਹੁੰਦੇ ਹਨ। ਉਨ੍ਹਾ ਨੂੰ ਤਰਸ ਘਟ ਹੀ ਆਉਂਦਾ ਹੈ। ਪਰ ਅਜ ਬਹੁਤ ਅਚੰਭੇ ਵਾਲੀ ਗੱਲ ਹੋਈ ਕਿ ਉਸ ਨੇ ਨਸ਼ੇ ਦੀ ਹਾਲਤ ਵਿਚ ਇਕ ਅਜਨਬੀ ਨੂੰ ਨਾ ਕੇਵਲ ਕਪੜਾ ਦਿਤਾ, ਸਗੋਂ ਆਪਣੇ ਗਰੀਬੜੇ ਜਿਹੇ ਘਰ ਵਿਚ ਪ੍ਰਾਹੁਣਚਾਰੀ ਕਰਨ ਲਈ ਲੈ ਆਇਆ। ਦਲੀਜ਼ ਟਪਦਿਆ ਹੀ ਉਸ ਦੀ ਇਸਤ੍ਰੀ ਨੇ ਉਸ ਦਾ ਬਹੁਤ ਹੀ ਗੰਦੀਆ ਗਾਲ੍ਹਾ ਅਤੇ ਦੁਰ-ਬਚਨਾ ਨਾਲ ਸਵਾਗਤ ਕੀਤਾ।

ਨਵਾ ਮਹਿਮਾਨ ਚੁਪ ਹੈ, ਉਸ ਦਾ ਅਜ ਮਾਤ-ਲੋਕ ਵਿਚ ਪਹਿਲਾ ਦਿਨ ਹੈ, ਜਿਥੋਂ ਉਸ ਨੂੰ ਅਜੇ ਕੇਵਲ ਕਪੜਾ ਹੀ ਮਿਲਿਆ ਹੈ। ਰੋਟੀ ਤੇ ਮਕਾਨ ਮਿਲਣਾ ਅਜੇ ਬਾਕੀ ਹੈ। ਉਸ ਨੂੰ ਦੇਖ ਕੇ ਉਸ ਚਮਿਆਰ ਦੀ ਤੀਵੀਂ ਨੇ ਨਵੇਂ ਆਏ ਪ੍ਰਾਹੁਣੇ ਲਈ ਕੁਝ ਉਪਰਾਲਾ ਕੀਤਾ। ਅੱਗ ਬਾਲੀ, ਰੋਟੀ ਪਕਾਈ, ਤਨ ਢਕਣ ਲਈ ਕਪੜੇ ਭੀ ਦਿਤੇ। ਰਾਤ ਬੀਤ ਗਈ, ਸਵੇਰ ਹੋਈ। ਦੂਤ ਦੇ ਮਨ ਵਿਚ ਆਪਣੀ ਸ਼ੰਕਾ ਤੇ ਵਿਚਾਰ ਹੋਈ। ਮਨ ਨੇ ਇਹ ਪਰਵਾਨ ਕੀਤਾ ਕਿ ਕਲ੍ਹ ਰਾਤ ਤਨ ਤੇ ਕਪੜਾ ਭੀ ਨਹੀਂ ਸੀ, ਪਰ ਦਿਨ ਚੜ੍ਹਨ ਤੋਂ ਪਹਿਲਾ ਵਾਹਿਗੁਰੂ ਜੀ ਨੇ ਤਿੰਨੇ ਮੁਢਲੀਆਂ ਲੋੜਾ ਪੂਰੀਆ ਕਰ ਦਿਤੀਆ ਹਨ, ਭਾਵੇਂ ਇਸ ਮਾਤ-ਲੋਕ ਵਿਚ ਉਸ ਦਾ ਕੋਈ ਨਹੀਂ ਸੀ। ਇਸ ਲਈ ਹਰਿ ਜੀ ਪ੍ਰਤਿਪਾਲਕ ਹੈ।

ਪਰ ਅਜ ਮਨ ਨਹੀਂ ਸੀ ਮੰਨ ਰਿਹਾ। ਕਿਉਂਕਿ ਸ਼ੰਕਾ ਤਾ ਉਸ ਨਵ-ਜਨਮੇ ਬੱਚੇ ਤੋਂ ਉਤਪੰਨ ਹੋਈ ਸੀ। ਇਸ ਲਈ ਇਹ ਸ਼ੰਕਾ ਮਨ ਹੀ ਮਨ ਵਿਚ ਅਗੇ ਪੈ ਗਈ। ਸਵੇਰ ਦਾ ਭੋਜਨ-ਪਾਣੀ ਛੱਕ ਕੇ ਉਹ ਆਪਣੇ ਮੇਜ਼ਬਾਨ ਨਾਲ ਉਸ ਦੀ 'ਦੁਕਾਨ' ਤੇ ਗਿਆ। ਮੋਚੀ ਨੇ ਆਪਣੇ ਸੰਦ ਸੜਕ ਦੇ ਕਿਨਾਰੇ ਸਜਾਏ। ਪਾਣੀ ਦਾ ਦੋਰਾ ਭਰ ਕੇ ਆਪਣੇ ਸੱਜੇ ਹੱਥ ਰਖਿਆ। ਕੁਝ ਸੰਦਾਂ ਨੂੰ ਪੱਥਰ ਤੇ ਰਗੜਿਆ ਤੇ ਫਿਰ ਆਪਣੇ ਮਹਿਮਾਨ ਨੂੰ ਪੁਛਿਆਂ, "ਕੀ ਤੁਸੀਂ ਇਹ ਕੰਮ ਕਰਨ ਵਿਚ ਸ਼ਰਮ ਤਾਂ ਮਹਿਸੂਸ ਨਹੀਂ ਕਰੋਗੇ ?" "ਨਹੀਂ ਜੀ, ਮੈਨੂੰ ਸਾਰੇ ਕੰਮ ਚੰਗੇ ਇਕ-ਸਮਾਨ ਲਗਦੇ ਹਨ।" ਇਸ ਤੋਂ ਪਹਿਲਾਂ ਸਵੇਰੇ ਜਦੋਂ ਮੋਚੀ ਦਾ



www.AKJ.Org

ਨਸ਼ਾ ਉਤਰਿਆ ਤਾਂ ਆਪਣੇ ਮਹਿਮਾਨ ਦੀ ਜ਼ਾਤ-ਪਾਤ, ਥਾਂ ਟਿਕਾਣਾ ਆਦਿ ਸਭ ਪੁਛਦਾ ਰਿਹਾ। ਪਰ ਦੂਤ ਨੇ ਇਤਨਾ ਹੀ ਦਸਿਆ ਕਿ "ਮੇਰਾ ਕੋਈ ਥਾਂ ਟਿਕਾਣਾ ਨਹੀਂ ਅਤੇ ਮੇਰੀ ਕੋਈ ਜ਼ਾਤ ਨਹੀਂ। ਤੁਸੀਂ ਮੈਨੂੰ ਆਪਣੇ ਪਾਸ ਰਖ ਲਓ, ਮੈਂ ਤੁਹਾਡੇ ਨਾਲ ਕੰਮ ਕਰਵਾ ਦਿਆ ਕਰਾਂਗਾ।" ਮੋਚੀ ਬਹੁਤਾ ਕੁਝ ਜਾਣਨਾ ਚਾਹੁੰਦਾ ਸੀ, ਪਰ ਦੂਤ ਵਧੇਰੇ ਦਸਣ ਤੋਂ ਸੰਕੋਚ ਕਰਦਾ ਰਿਹਾ। ਆਖ਼ਰ ਹੁਣ ਮੋਚੀ ਨੇ ਹਾਰ ਕੇ ਪੁਛਣਾ ਬੰਦ ਕਰ ਦਿਤਾ ਤੇ ਆਪਣੇ ਨਾਲ ਕੰਮ ਕਰਨ ਲਾ ਲਿਆ।

ਉਹ ਹੁਣ ਰੋਜ਼ ਬੜੀ ਫੁਰਤੀ ਅਤੇ ਸਫ਼ਾਈ ਨਾਲ ਕੰਮ ਕਰਦਾ। ਕੁਝ ਮਹੀਨਿਆਂ ਵਿਚ ਹੀ ਉਸਦੀ ਦੁਕਾਨ ਅਗੇ ਨਾਲੋਂ ਵੱਡੀ ਹੋਣ ਲਗ ਪਈ। ਸੜਕ ਤੋਂ ਉਠ ਕੇ ਖੋਖਾ, ਖੋਖੇ ਤੋਂ ਪੱਕੀ ਦੁਕਾਨ ਲੈ ਲਈ। ਜੁੱਤੀਆਂ ਦੀ ਮੁਰੰਮਤ ਦੀ ਥਾਂ ਨਵੇਂ ਜੋੜੇ ਆਪ ਲੈ ਕੇ ਬਨਾਉਣ ਲਗ ਪਏ। ਸਾਰੇ ਨਗਰ ਵਿਚ ਉਸ ਦੀ ਧਾਕ ਬੈਠ ਗਈ। ਬਹੁਤ ਆਰਡਰ ਆਉਣ ਅਗ ਪਏ। ਇਸ ਤਰ੍ਹਾਂ ੧੨ ਸਾਲ ਬੀਤ ਗਏ।

ਇਕ ਦਿਨ ਉਸ ਦੁਕਾਨ ਤੇ ਇਕ ਔਰਤ ਆਈ। ਉਸ ਦੇ ਨਾਲ ਇਕ ੧੨ ਸਾਲ ਦਾ ਲੜਕਾ ਭੀ ਸੀ। ਉਸ ਲੜਕੇ ਲਈ ਜੋੜਾ ਬਣਾਉਣ ਲਈ ਕਿਹਾ ਗਿਆ। ਦੂਤ ਨੇ ਮਾਪ ਲਿਆ। ਜੋੜਾ ਬਣਾਇਆ ਤੇ ਅਗਲੇ ਕੁਝ ਦਿਨਾਂ ਬਾਅਦ ਜਦੋਂ ਉਹ ਔਰਤ ਜੋੜਾ ਲੈਣ ਲੜਕੇ ਨਾਲ ਫਿਰ ਆਈ ਤਾਂ ਦੂਤ ਨੇ ਕਿਹਾ ਕਿ ਇਸ ਜੋੜੇ ਦਾ ਮੁੱਲ ਨਹੀਂ ਲੈਣਾ। ਉਹ ਔਰਤ ਬਹੁਤ ਹੈਰਾਨ ਹੋਈ। ਦੂਤ ਨੇ ਪੁਛਿਆ, ਕੀ ਇਹ ਲੜਕਾ ਤੁਹਾਡਾ ਹੈ ? ਤਾ ਉਸ ਔਰਤ ਨੇ ਉਤਰ ਦਿਤਾ, "ਇਹ ਮੇਰੀ ਧਰਮ-ਦੀ ਭੈਣ ਦਾ ਹੈ, ਜਿਸਦੀ ਮ੍ਰਿਤੂ ਇਸ ਬੱਚੇ ਦੇ ਜਨਮ ਲੈਣ ਸਾਰ ਹੀ ਹੋ ਗਈ ਸੀ ? ਫਿਰ ਇਹ ਬੱਚਾ ਮੈਂ ਆਪਣੀ ਗੋਦ ਵਿਚ ਲੈ ਲਿਆ। ਕੁਦਰਤ ਵਲੋਂ ਮੇਰੇ ਥਣਾ ਵਿਚ ਦੁੱਧ ਉਤਰ ਆਇਆ ਤੇ ਲਾਡ-ਪਿਆਰ ਨਾਲ ਇਸ ਨੂੰ ਵਡਾ ਕੀਤਾ ਹੈ।" ਉਹ ਔਰਤ ਹੈਰਾਨ ਸੀ ਕਿ ਜੋੜੇ ਦਾ ਮੁੱਲ ਨਾ ਲੈਣ ਨਾਲ ਇਸ ਪ੍ਰਸ਼ਨ ਦਾ ਕੀ ਸੰਬੰਧ ਸੀ। ਉਸਨੇ ਫਿਰ ਕਿਹਾ ਕਿ ਮੁਲ ਦਸੋ। ਮੋਚੀ ਨੇ ਵੀ ਉਸ ਵਲ ਦੇਖਿਆ। ਪਰ ਦੂਤ ਨੇ ਪੈਸੇ ਲੈਣ ਤੋਂ ਇਨਕਾਰ ਕਰਦਿਆਂ ਕਿਹਾ, "ਮੈਂ ੧੨ ਸਾਲਾਂ ਤੋਂ ਇਸ ਬੱਚੇ ਨੂੰ ਉਡੀਕ ਰਿਹਾ ਸਾ। ਅਜ ਤੋਂ ੧੨ ਸਾਲ ਪਹਿਲਾ ਇਸ ਸ਼ੰਕਾ ਕਾਰਨ ਕਿ ਜਿਸ ਬੱਚੇ ਦੀ ਮਾਂ, ਬੱਚੇ ਦੇ ਜਨਮ-ਸਮੇਂ ਮਰ ਜਾਏ, ਉਹ ਕਿਸ ਤਰ੍ਹਾਂ ਜੀਵੇਗਾ, ਮੈਨੂੰ ਧਰਮ-ਰਾਜ ਨੇ ਮਾਤ-ਲੋਕ ਵਿਚੋਂ ਇਹ ਦ੍ਰਿੜ੍ਹ ਕਰਨ ਲਈ ਘਲ ਦਿਤਾ ਸੀ ਕਿ ਆਪਣੀ ਅੱਖੀਂ ਵੇਖ ਕੇ ਤਸੱਲੀ ਕਰ ਆ ਕਿ ਹਰਿ ਜੀਉ ਹਰ ਇਕ ਦੀ ਪਾਲਨਾ ਕਰਦਾ ਹੈ।" ਮੋਚੀ ਅਜ ਆਪਣੇ 'ਮਹਿਮਾਨ-ਸਾਥੀ' ਦੀਆਂ ਅਨੋਖੀਆਂ ਗੱਲਾ ਸੁਣ ਸੁਣ ਕੇ ਹੈਰਾਨ ਹੋ ਰਿਹਾ ਹੈ, ਪਰ ਧਿਆਨ ਨਾਲ ਸੁਣ ਰਿਹਾ ਹੈ ਦੂਤ ਨੇ ਫਿਰ ਕਿਹਾ, "ਮੈਂ ਜਾਤ ਦਾ ਚਮਿਆਰ ਨਹੀਂ ਰੱਬ ਦੇ ਦਰਬਾਰ ਵਿਚ ਕੋਈ ਜ਼ਾਤ-ਪਾਤ ਨਹੀਂ, ਨਾ ਹੀ ਉਥੇ ਕੰਮ ਨੂੰ ਕੋਈ ਮਾੜਾ ਕਹਿੰਦਾ ਜਾਂ ਸਮਝਦਾ ਹੈ। ਉਥੇ ਤਾਂ 'ਹੁਕਮ' ਦੀ ਉਡੀਕ ਹੁੰਦੀ ਹੈ, ਜਿਸਨੂੰ ਜੋ ਹੁਕਮ ਮਿਲਦਾ ਹੈ ਉਹ ਸਿਰ ਮੱਥੇ ਸ਼ੁਕਰ ਸ਼ੁਕਰ ਵਿਚ ਕਰੀ ਜਾਂਦਾ ਹੈ। ਸ਼ੰਕਾ ਕਰਨ ਵਾਲੇ ਨੂੰ ਉਥੇ ਥਾਂ ਨਹੀਂ ਮਿਲਦਾ। ਉਥੇ ਉਹੀ ਰਹਿੰਦੇ ਹਨ ਜੋ ਪੂਰਨ ਪਰਤੀਤ ਨਾਲ ਆਪਣੇ ਮਨ ਤੇ ਕਾਬੂ ਪਾ ਚੁਕੇ ਹਨ। ਮੈਂ ਤੁਹਾਥੋਂ ਚਾਰ ਕੌਡੀਆਂ ਕੀ ਲਵਾਂ। ਤੁਸਾਂ ਅਜ ਮੇਰੀ ੧੨ ਸਾਲ ਦੀ ਕੈਦ ਸਮਾਪਤ ਕਰ ਦਿਤੀ ਹੈ। ਮੈਂ ਹੁਣ ਆਪਣੇ ਦੇਸ਼ ਜਾਂਦਾ ਹਾਂ।

ਮੋਚੀ ਅਤੇ ਉਸ ਇਸਤ੍ਰੀ ਦੇ ਦੇਖਦਿਆ ਦੇਖਦਿਆ ਉਹ ਦੂਤ ਅਲੋਪ ਹੋ ਗਿਆ। ਮੋਚੀ ਹੈਰਾਨ ਸੀ ਕਿ ਇਡਾ ਵੱਡਾ 'ਮਨੁੱਖ' ਮੇਰੇ ਨਾਲ ਕਿਡਾ ਨੀਵਾਂ ਕੰਮ ਕਰਦਾ ਰਿਹਾ।

"ਨੇੜਾ ਹੈ ਦੂਰਿ ਨ ਜਾਣਿਅਹੁ ਨਿਤ ਸਾਰ ਸੰਮਾਲੇ॥" (ਗੂਜਰੀ ਮ: ੧, ਪੰਨਾ ੪੮੯)

---


## ਮੋਖ ਰਹਿਤ ਲੜੀਵਾਰ ਗੁਟਕੇ

ਨਿਤਨੇਮ ਅਤੇ ਸੁਖਮਨੀ ਸਾਹਿਬ ਦੇ ਲੜੀਵਾਰ ਗੁਟਕੇ ਬਿਨਾਂ ਕਿਸੇ ਭੇਟਾ ਦੇ ਮੋਖ ਰਹਿਤ ਪ੍ਰਾਪਤ ਕਰਨ ਲਈ ਸੰਪਰਕ ਕਰੋ। ਸ: ਗੁਰਪ੍ਰੀਤ ਸਿੰਘ 67-D ਡਾ: ਮੁਖਰਜੀ ਨਗਰ ਦਿੱਲੀ ਫੋਨ : 7654833





www.AKJ.Org

# ਗੁਰਬਾਣੀ ਸੰਗੀਤ

*ਰਾਗ ਵਿਦਿਆ ਦੇ ਚਹੇਤੇ ਪਾਠਕਾ ਦੀ ਚਿਰੋਕਣੀ ਮੰਗ ਤੇ 'ਸੂਰਾ' ਵਿਚ ਇਹ ਨਵਾਂ ਕਾਲਮ ਸ਼ੁਰੂ ਕੀਤਾ ਜਾ ਰਿਹਾ ਹੈ। ਪ੍ਰਸਿੱਧ ਸੰਗੀਤ ਸਾਸਤਰੀ ਪ੍ਰੋ. ਕਰਤਾਰ ਸਿੰਘ ਜੀ ਲੁਧਿਆਣਾ ਨੇ ਹਰ ਮਹੀਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਇਕ ਰਾਗ ਬਾਰੇ ਜਾਣਕਾਰੀ ਅਤੇ ਇਕ ਸਬਦ ਦੀ ਨੋਟੇਸਨ ਦੇਣ ਦੀ ਪ੍ਰਵਾਨਗੀ ਦਿੱਤੀ ਹੈ (ਸੰਪਾਦਕ)।*

## ਰਾਗ ਆਸਾ

ਪਰੀਚੈ

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾ ਦੀ ਤਰਤੀਬ ਵਿਚ ਆਸਾ ਰਾਗੁ ਨੂੰ ਚੋਥਾ ਸਥਾਨ ਪ੍ਰਾਪਤ ਹੋਇਆ ਹੈ। ਗੁਰਮਤਿ ਸੰਗੀਤ ਵਿੱਚ ਇਸ ਰਾਗੁ ਦਾ ਇੱਕ ਵਿਸ਼ੇਸ਼ ਸਥਾਨ ਹੈ ਕਿਉਂ ਜੋ ਗੁਰੂ ਦਰਬਾਰ ਵਿੱਚ ਰਾਗੁ ਆਸਾ ਵਿੱਚ ਰਚਿਤ 'ਆਸਾ ਦੀ ਵਾਰ' ਦੇ ਅੰਮ੍ਰਿਤ ਵੇਲੇ ਨਿਤ ਕੀਰਤਨ ਤੇ ਸ਼ਾਮ ਨੂੰ ਸੋਦਰ ਦੀ ਚੌਂਕੀ, ਆਸਾ ਰਾਗੁ ਵਿੱਚ ਗਾਇਣ ਕਰਨ ਦੀ ਪ੍ਰੱਥਾ ਗੁਰੂ ਕਾਲ ਤੋਂ ਚਲੀ ਆ ਰਹੀ ਹੈ। ਇਸ ਰਾਗੁ ਦਾ ਸੱਮ-ਪ੍ਰਕ੍ਰਿਤਕ ਰਾਗੁ ਮਾਂਡ ਹੈ ਜਿਸ ਦੀ ਜਾਤੀ ਸੰਪੂਰਨ-ਸੰਪੂਰਨ ਹੈ। ਕੁਝ ਪੁਰਾਤਨ ਬੰਦਸ਼ਾਂ ਵਿਚ ਆਸਾ ਰਾਗੁ ਦੀ ਵੀ ਜਾਤੀ ਸੰਪੂਰਨ-ਸੰਪੂਰਨ ਹੈ ਅਤੇ ਅਵਰੋਹ ਵਿਚ ਕੋਮਲ ਨਿਸ਼ਾਦ ਦਾ ਅਲੱਪ ਪ੍ਰਯੋਗ ਹੈ।

| | | | | | |
|---|---|---|---|---|---|
| ਰਾਗੁ | - | ਆਸਾ | ਥਾਟ | - | ਬਿਲਾਵਲ |
| ਸਵਰ | - | ਸਾਰੇ ਸ਼ੁੱਧ | ਵਰਜਿਤ ਸਵਰ | - | ਆਰੋਹ ਵਿਚ ਗੰਧਾਰ ਤੋ ਨਿਸ਼ਾਦ |
| ਜਾਤੀ | - | ਔੜਵ-ਸੰਪੂਰਨ | ਵਾਦੀ | - | ਮਧਿਅਮ |
| ਸੰਵਾਦੀ | - | ਸ਼ੜਜ | ਸਮਾਂ | - | ਰਾਤ ਦਾ ਅੰਤਮ ਪਹਿਰ ਤੇ ਸ਼ਾਮ ਦਾ ਸੰਧੀ ਪ੍ਰਕਾਸ਼ |
| ਆਰੋਹ | - | ਸ ਰ ਮ ਪ, ਧ ਸੰ | ਅਵਰੋਹ | - | ਸੰ ਨ ਧ ਪ, ਮ ਗ ਰ, ਸ ਰ ਗ ਸ |

ਮੁਖ ਅੰਗ- ਰ, ਮ ਪ, ਧ ਸ, ਨ ਧ ਪ ਮ, ਗ ਰ, ਸ ਰ ਗ ਸ

### ਆਸਾ ਮਹਲਾ ੫ (ਪੰਨਾ ੩੮੭)

ਸਤਿਗੁਰੁ ਅਪਨਾ ਸਦ ਸਦਾ ਸਮਾਰੇ॥ ਗੁਰ ਕੇ ਚਰਨ ਕੇਸ ਸੰਗਿ ਝਾਰੇ॥੧॥
ਜਾਗੁ ਰੇ ਮਨ ਜਾਗਨਹਾਰੇ॥ ਬਿਨੁ ਹਰਿ ਅਵਰੁ ਨ ਆਵਸਿ ਕਾਮਾ ਝੂਠਾ ਮੋਹੁ ਮਿਥਿਆ ਪਸਾਰੇ॥੧॥ ਰਹਾਉ॥
ਗੁਰ ਕੀ ਬਾਣੀ ਸਿਉ ਰੰਗੁ ਲਾਇ॥ ਗੁਰੁ ਕਿਰਪਾਲੁ ਹੋਇ ਦੁਖੁ ਜਾਇ॥੨॥
ਗੁਰ ਬਿਨੁ ਦੂਜਾ ਨਾਹੀ ਥਾਉ॥ ਗੁਰੁ ਦਾਤਾ ਗੁਰੁ ਦੇਵੈ ਨਾਉ॥੩॥
ਗੁਰੁ ਪਾਰਬ੍ਰਹਮੁ ਪਰਮੇਸਰੁ ਆਪਿ॥ ਆਠ ਪਹਰ ਨਾਨਕ ਗੁਰ ਜਾਪਿ॥੪॥੧੬॥੬੭॥

### ਰਾਗੁ ਆਸਾ ਤੀਨ ਤਾਲ

| | | | | | | | | | | | | | | | |
|---|---|---|---|---|---|---|---|---|---|---|---|---|---|---|---|
| | | | | | | | ਅਸਥਾਈ | ਰ | - | ਮ | - | ਪ | - | ਧ | ਧ |
| | | | | | | | | ਜਾ | ऽ | ਗੁ | ऽ | ਰੇ | ऽ | ਮ | ਨ |
| ਸ | - | ਸ | ਰੰ | ਸੰ | ਨ | ਧ | ਪ | ਧ | ਧ | ਧ | ਧ | ਪ | ਧ | ਪ | ਮ |
| ਜਾ | ऽ | ਗ | ਨ | ਹਾ | ऽ | ਰੇ | ऽ | ਬਿ | ਨੁ | ਹ | ਰਿ | ਅ | ਵ | ਰੁ | ਨ |
| ਗ | - | ਰ | ਸ | ਸ | ਰ | ਗ | ਸ | ਰ | - | ਮ | - | ਪ | ਪ | ਧਨ | ਪਧ |
| ਆ | ऽ | ਵ | ਸਿ | ਕਾ | ऽ | ਮਾ | ऽ | ਝੂ | ऽ | ਠਾ | ऽ | ਮੋ | ਹੁ | ਮਿऽ | ਥਿऽ |
| ਸੰ | - | ਰੰ | ਸੰ | ਨ | ਸੰਨ | ਧ | ਪ | | | | | | | | |
| ਆ | ऽ | ਪ | ऽ | ਸਾ | ऽऽ | ਰੇ | ऽ | | | | | | | | |
| | | | | ੨ | | | | 0 | | | | 3 | | | |
| | | | | | | | ਅੰਤਰਾ | ਮ | ਮ | ਪ | ਪ | ਧਪ | ਧ | ਪ | ਧ |
| | | | | | | | | ਸ | ਤਿ | ਗੁ | ਰੁ | ਅਪ | ਨਾ | ਸ | ਦ |
| ਸੰ | ਸੰ | - | ਸੰ | ਸੰ | ਰੰ | ਸੰ | - | ਸੰ | ਰੰ | ਗੰ | ਰੰ | ਸੰ | ਨ | ਧ | ਪ |
| ਸ | ਦਾ | ऽ | ਸ | ਮਾ | ऽ | ਰੇ | ऽ | ਗੁ | ਰ | ਕੇ | ऽ | ਚ | ਰ | ਨ | ऽ |
| ਪ | ਧ | ਪ | ਮ | ਗ | ਰ | ਗ | ਸ | | | | | | | | |
| ਕੇ | ਸ | ਸੰ | ਗਿ | ਝਾ | ऽ | ਰੇ | ऽ | | | | | | | | |
| | | | | 2 | | | | 0 | | | | 3 | | | |

ਤਾਨਾ :-

1 ਸੰਰ ਸੰਨ ਧਪ ਮਪ ਧਪ ਮਗ ਰਸ ਗਸ ੨ ਮਧ ਧਪ ਸੰਨ ਧਪ ਮਗ ਰਸ ਸਰ ਗਸ
3 ਸਰ ਮਪ ਧ- ਮਪ ਸੰਨ ਧਪ ਮਗ ਰਸ 4. ਸੰਰੰ ਗੰਰੰ ਸੰਨ ਧਪ ਪਧ ਪਮ ਗਰ ਗਸ
5. ਸਰ ਗਸ ਸਰ ਮਪ ਧਪ ਮਗ ਰਸ ਗਸ ਸਰ ਮਪ ਧਪ ਸੰਨ ਧਪ ਮਗ ਰਸ ਗਸ
6. ਸਰ ਮਮ ਰਮ ਪਪ ਮਪ ਧਧ ਸੰਰੰ ਸੰ- ਸੰਰੰ ਗੰਰੰ ਸੰਨ ਧਪ ਮਪ ਧਪ ਮਗ ਰਸ



www.AKJ.Org

(ਸਮਕਾਲੀ ਮੈਗਜੀਨਾ ਦੀਆ ਲਿਖਤਾ ਵਿਚੋ)

# ਗੁਰਮਤਿ ਸਾਂਝਾ

ਬ੍ਰਾਹਮਣਵਾਦ ਤੋਂ ਖਹਿੜਾ ਛੁਡਾਉਣ ਦਾ ਇਕੋ-ਇਕ ਰਸਤਾ ਗੁਰਮਤਿ ਵਿਚਾਰਧਾਰਾ ਨੂੰ ਅਪਣਾਉਣਾ ਹੈ। ਪਰ ਅਫਸੋਸ ਤਾ ਇਹ ਹੈ ਕਿ ਇਸ ਵਿਚਾਰਧਾਰਾ ਦੇ ਅਜੋਕੇ ਵਾਰਸ ਆਪ ਹੀ ਜਾਤੀ-ਚੇਤਨਾ ਅਤੇ ਬ੍ਰਾਹਮਣੀ ਕਰਮ-ਕਾਡਾ ਤੋਂ ਪੂਰੀ ਤਰ੍ਹਾ ਮੁਕਤ ਨਹੀਂ ਹੋ ਸਕੇ। ਅਸੀਂ ਆਪ ਹੀ ਬ੍ਰਾਹਮਣੀ ਕਰਮ-ਕਾਂਡਾਂ ਦੀਆ ਸੂਖਮ ਨਾੜਾ ਨੂੰ ਪਛਾਣ ਨਹੀਂ ਸਕੇ। ਅਣਗਿਹਲੀ ਕਾਰਨ ਅਸੀਂ 'ਜਾਤੀ-ਚੇਤਨਾ' ਦਾ ਤਿਆਗ ਨਹੀਂ ਕਰ ਸਕੇ। ਇਸੇ 'ਜਾਤੀ-ਚੇਤਨਾ' ਕਾਰਨ ਹੀ ਦਲਿਤਾ ਦੀ ਢਾਲ ਬਣਨ ਦੇ ਸਮਰੱਥ ਗੁਰਮਤਿ ਵਿਚਾਰਧਾਰਾ, ਬਹੁਗਿਣਤੀ ਦਲਿਤਾਂ ਦੀ ਪਹੁੰਚ ਤੋਂ ਦੂਰ ਰਹਿ ਗਈ ਹੈ ਅਤੇ ਦਲਿਤ, ਸਿਆਸੀ ਪਾਰਟੀਆ ਦੀ ਵੋਟ-ਸਿਆਸਤ ਦੇ ਭੰਬਲਭੂਸੇ ਵਿਚ ਫਸ ਕੇ ਰਹਿ ਗਏ ਹਨ। ਰਾਜਸੀ ਲੋਕ ਆਪਣੀਆ ਸਿਆਸੀ ਰੋਟੀਆ ਸੇਕਣ ਲਈ ਦਿਲ-ਲੁਭਾਉ ਨਾਅਰਿਆ ਅਤੇ ਦਲਿਤ ਭਲਾਈ ਦੇ ਲਾਰਿਆਂ ਦੁਆਰਾਂ ਦਲਿਤਾਂ ਨੂੰ ਗੁੰਮਰਾਹ ਕਰ ਰਹੇ ਹਨ। ਦਲਿਤਾ ਦੇ ਕਲਿਆਣ ਲਈ ਕੋਈ ਵੀ ਜਥੇਬੰਦੀ ਸੁਹਿਰਦ ਨਜਰ ਨਹੀਂ ਆਉਂਦੀ ਅਤੇ ਨਾ ਹੀ ਉਨ੍ਹਾ ਦੇ ਕਲਿਆਣ ਲਈ ਕਿਸੇ ਜਥੇਬੰਦੀ ਕੋਲ ਕੋਈ ਠੋਸ ਵਿਉਂਤਬੰਦੀ ਹੈ। (ਗੁਰਮਤਿ ਪ੍ਰਕਾਸ਼)

ਜੋ ਸਮਾਜਵਾਦ ਦਾ ਨਾਹਰਾ ਅੱਜ ਮਨੁੱਖਤਾ ਨੂੰ ਦਿਤਾ ਜਾ ਰਿਹਾ ਹੈ ਉਸ ਤੋਂ ਚੰਗਾ ਤੇ ਸੁਥਰਾ ਰਾਹ ਗੁਰੂ ਨਾਨਕ ਦੇਵ ਜੀ ਨੇ ਸਿੱਖਾ ਨੂੰ ਦਿਤਾ। ਨਾਮ ਜਪੋ, ਕਿਰਤ ਕਰੋ, ਤੇ ਵੰਡ ਛਕੋ ਇਹੀ ਅਸਲੀ ਸਮਾਜਵਾਦ ਹੈ। ਕਿਰਤ ਦਾ ਸਤਿਕਾਰ ਤੇ ਸੰਪਤੀ ਦੀ ਵੰਡ ਦੋ ਵੱਡੇ ਥੰਮ ਮੰਨੇ ਜਾਦੇ ਹਨ ਸਮਾਜਵਾਦ ਪ੍ਰਣਾਲੀ ਦੇ। ਗੁਰੂ ਸਾਹਿਬ ਦਾ ਦਿਤਾ ਸਮਾਜਵਾਦ ਇਸ ਤੋਂ ਹੋਰ ਅੱਗੇ ਜਾਦਾ ਹੈ। ਗੁਰੂ ਜੀ ਨੇ ਕਿਰਤ ਕਰਨ ਤੇ ਵੰਡ ਛਕਣ ਦੇ ਨਾਲ ਨਾਮ ਜਪਣ ਉਤੇ ਵੀ ਜੋਰ ਦਿਤਾ। ਨਾਮ ਜਪਣ ਨਾਲ ਇਨਸਾਨ ਦਾ ਆਚਰਨ ਉਚਾ ਹੋ ਜਾਦਾ ਹੈ। ਉਹ ਰੱਬ ਦੇ ਡਰ ਵਿਚ ਰਹਿਣ ਵਾਲਾ ਹੁਕਮੀ ਬੰਦਾ ਬਣ ਜਾਦਾ ਹੈ। ਉਹ ਸੰਪਤੀ ਵੰਡ ਦੀ ਇਕਸਾਰਤਾ, ਲੁੱਟ-ਖਸੁੱਟ ਤੇ ਖੂਨ ਖਰਾਬੇ ਰਾਹੀ ਨਹੀਂ ਕਰਦਾ, ਸਗੋਂ ਉਹ ਕਿਸੇ ਕੋਲੋਂ ਬਗੈਰ ਖੋਹੇ ਦੇ ਆਪਣੇ ਕੋਲੋਂ ਲੋਕਾ ਨੂੰ ਕੁਝ ਦੇ ਕੇ 'ਹਥਹੁ ਦੇ ਕੇ ਭਲਾ ਮਨਾਵੇਂ' ਤੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਾ ਹੈ ਗੁਰੂ ਸਾਹਿਬ ਦਾ ਸਮਾਜਵਾਦ ਲੁੱਟ ਖੋਹਣ ਦਾ ਨਹੀਂ ਸਗੋਂ ਕੁਝ ਦੇਣ ਦਾ ਰਸਤਾ ਦਸਦਾ ਹੈ। ਜਿਸ ਵਿਚ ਖੂਨ ਖਰਾਬੇ ਤੇ ਲੁੱਟ ਖਸੁੱਟ ਲਈ ਕਈ ਥਾ ਨਹੀਂ। (ਸਿੱਖ ਫੁਲਵਾੜੀ)

ਅੱਜ ਹਿੰਦੂਤਵ ਦੇ ਹਿਤੈਸ਼ੀ ਆਗੂਆ ਵਲੋਂ ਹਿੰਦੁਸਤਾਨ ਦੇ ਮੌਲਿਕ ਸਭਿਆਚਾਰ ਨੂੰ ਸੰਭਾਲਣ ਅਤੇ ਉਭਾਰਨ ਦੀ ਗੱਲ ਜੋਰ-ਸੋਰ ਨਾਲ ਤੁਰੀ ਹੈ। ਹੁਣ ਖੁੱਲ ਕੇ ਬਹਿਸਾ ਤੇ ਗੋਸ਼ਟੀਆਂ ਵੀ ਹੋਣ ਲੱਗੀਆ ਹਨ ਕਿ ਧਰਮ ਧਾਰਨ ਕਰਨ, ਹਰ ਭਾਰਤੀ ਨੂੰ ਆਜ਼ਾਦੀ ਨਾਲ ਵਿਚਰਨ ਅਤੇ ਖੁਸ਼ਹਾਲ ਹੋਣ ਦਾ ਮੌਕਾ ਮਿਲਣਾ ਚਾਹੀਦਾ ਹੈ ਕਿ ਨਹੀਂ ? ਏਸ ਪੱਖ ਤੋਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਤੋਂ ਸੇਧ ਲੈਣੀ ਪਵੇਗੀ ਅਤੇ ਮੱਧਕਾਲ ਦੀ ਭਗਤੀ ਲਹਿਰ ਦੇ ਮਹਾਨ ਬਾਣੀ ਰਚੈਤਾ ਭਗਤ ਕਬੀਰ ਜੀ, ਭਗਤ ਰਵਿਦਾਸ ਜੀ, ਭਗਤ ਨਾਮਦੇਵ ਜੀ ਤੇ ਹੋਰਨਾ ਦੀ ਬਾਣੀ ਨੂੰ ਵੀ ਵਿਚਾਰਨਾ ਹੋਵੇਗਾ। ਗੱਲ ਬੜੀ ਸਪੱਸਟ ਹੈ ਤੇ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ ਨਾਲ ਇਹ ਬਿਲਕੁਲ ਸਥਾਪਤ ਹੋ ਜਾਂਦੀ ਹੈ ਕਿ ਮਨੁੱਖੀ ਸਮਾਜ ਦੇ ਭਾਰਤੀ ਖੇਤਰ ਦੇ ਵਾਸੀਆ ਨੇ ਵੀ ਆਜ਼ਾਦੀ ਦਾ ਭਰਪੂਰ ਸੁੱਖ ਮਾਨਣਾ ਹੈ। ਪਰ ਇਹ ਸੁੱਖ, ਜਾਤ-ਪਾਤ ਦੇ ਕਿਸੇ ਢਾਚੇ ਵਿਚ ਨਹੀਂ ਮਾਣਿਆ ਜਾ ਸਕਦਾ ਤੇ ਨਾ ਹੀ ਧਰਮਾ ਦੇ ਕਰਮ-ਕਾਡ ਦੇ ਰਾਹੀਂ ਪ੍ਰਾਪਤ ਹੋ ਸਕਦੇ ਨਾਸਤਕ ਸਕਤੀਆ ਦਾ ਆਦਰਸ ਵੀ ਖੁਰਦ-ਬੁਰਦ ਹੋ ਗਿਆ ਲਗਦਾ ਹੈ ਤੇ ਧਰਮ ਵਿਹੂਣਾ ਕੋਈ ਮਾਡਲ ਭਾਰਤ ਦੇ ਲੋਕਾ ਲਈ ਢੁਕਵਾ ਵੀ ਨਹੀਂ ਹੈ। ਸਰਬ ਧਰਮ ਸਨਮਾਨ, ਮਨੁੱਖੀ ਹੱਕਾ ਤੇ ਮਨੁੱਖੀ ਸਮਾਨਤਾ ਦੇ ਅਧਾਰ ਤੇ ਸਾਝੀਵਾਲਤਾ ਵਾਲਾ ਰਾਜ ਪ੍ਰਬੰਧ ਹੀ ਲੋਕਾਂ ਨੂੰ ਸਦੀਵੀ ਸਾਤੀ ਦੇ ਸਕੇਗਾ। ਗੁਰੂ ਨਾਨਕ ਦੇ ਬੋਲ ਹਿੰਦੁਸਤਾਨ ਨੂੰ ਸੰਭਾਲਣੇ ਦੇ ਯਾਦ ਰੱਖਣੇ ਪੈਣਗੇ ਨਹੀਂ ਤਾ ਵਿਕਾਸਕਾਰੀ ਦੀ ਥਾ ਵਿਨਾਸਕਾਰੀ ਭਵਿੱਖ ਭੁਗਤਣਾ ਪਵੇਗਾ। ਵਾਹਿਗੁਰੂ ਕਰੇ ਦੇਸ਼ ਦਾ ਭਲਾ ਹੋਵੇ । (ਸਾਡਾ ਵਿਰਸਾ ਸਾਡਾ ਗੌਰਵ)

ਇੱਕੀਵੀਂ ਸਦੀ ਵਿਚ ਸਾਇੰਸ ਨੇ ਮਨੁੱਖ ਦਾ ਪੁਰਾਤਨ ਧਰਮਾਂ ਤੇ ਫਲਸਫਿਆ ਵਿਚ ਵਿਸ਼ਵਾਸ ਡਗਮਗਾ ਦੇਣਾ ਹੈ। ਰੱਬ, ਦੇਵੀ, ਦੇਵਤਿਆਂ, ਸਵਰਗ, ਨਰਕ ਅਤੇ ਕੁਦਰਤ ਦੀ ਕਾਇਨਾਤ ਬਾਰੇ ੨੧ ਵੀ ਸਦੀ ਵਿਚ ਸਾਇੰਸ ਨੇ ਧਰਮ ਦੇ ਆਗੂਆ ਅਤੇ ਪੁਜਾਰੀ ਸ਼੍ਰੇਣੀ ਵਲੋਂ ਫੈਲਾਈਆ ਸਾਰੀਆ ਗਲਤ ਮਨੌਤਾ ਨੂੰ ਪ੍ਰਤੱਖ ਤੌਰ ਤੇ ਗਲਤ ਸਾਬਤ ਕਰ ਦੇਣਾ ਹੈ। ਅਜਿਹੇ ਸਮੇਂ ਹੀ ਦੁਨੀਆ ਨੂੰ ਲੋੜ ਪਵੇਗੀ ਸਿੱਖ ਧਰਮ ਦੀ ਜੋ ਅੰਦਰੋਂ ਹਿਲ ਚੁੱਕੇ ਮਨੁੱਖ ਨੂੰ ਧਰਵਾਸ ਦੇ ਕੇ ਅਪਣਾ ਸੰਤੁਲਣ ਗਵਾ ਲੈਣ ਤੋਂ ਬਚਾ ਸਕੇਗਾ। ਕਿਉਂਕਿ 5000 ਸਾਲਾਂ ਦੌਰਾਨ ਵਿਕਸਤ ਹੋਏ ਸਾਰੇ ਦੂਜੇ ਫਲਸਫ਼ੇ, ੨੧ ਵੀਂ ਸਦੀ ਵਿਚ ਸਾਇੰਸ ਨੇ ਢਹਿ ਢੇਰੀ ਕਰ ਦੇਣੇ ਹਨ। ਪਰ ਅਫ਼ਸੋਸ ਦੀ ਗੱਲ ਇਹ ਹੈ ਕਿ ਅੱਜ ਜਿਨ੍ਹਾ, ਲੋਕਾ ਦੇ ਕਬਜ਼ੇ ਹੇਠ ਇਹ ਧਰਮ ਤੇ ਇਸ ਦਾ ਪਵਿੱਤਰ ਗ੍ਰੰਥ ਆਇਆ ਹੋਇਆ ਹੈ, ਉਹ ਆਪ ਵੀ ਇਸ ਤੱਥ ਤੋ ਜਾਣੂ ਨਹੀਂ ਕਿ ਮਨੁੱਖੀ ਇਤਿਹਾਸ ਦੇ ਕਿੰਨੇ ਅਮੀਰ ਵਿਰਸੇ ਦੇ ਉਹ ਮਾਲਕ ਹਨ। ਉਹ ਦੂਜਿਆ ਵਲ ਵੇਖ ਕੇ, ਸਿੱਖ ਧਰਮ ਨੂੰ ਪੁਰਾਤਨ ਧਰਮਾ ਵਾਲੀ ਰੰਗਤ ਦੇਣ ਦੀਆ ਕੋਸ਼ਿਸ਼ਾਂ ਕਰ ਰਹੇ ਹਨ। (ਸਪੋਕਸਮੈਨ)



www.AKJ.Org

# ਵਿਦੇਸ਼ੀਆਂ ਦੀ ਨਜ਼ਰ ਵਿਚ ਸਿੱਖ ਕਿਰਦਾਰ

(ਪਿਆਰਾ ਸਿੰਘ ਦਾਤਾ)

ਪਹਿਲੀ ਵਾਰ ਮੈਂ ਸ੍ਰੀ ਲੰਕਾ ਦੀ ਯਾਤਰਾ ਲਈ ਮਾਰਚ ੧੯੮੭ ਵਿਚ ਕੋਲੰਬੋ ਪਹੁੰਚਿਆ। ਕੋਲੰਬੋ ਬੀਚ 'ਤੇ ਆਉਂਦਿਆਂ ਸ੍ਰੀ ਲੰਕਾ ਦੇ ਇਕ ਫੌਜੀ ਪਰਿਵਾਰ ਨਾਲ ਅਚਾਨਕ ਮੁਲਾਕਾਤ ਹੋ ਗਈ। ਉਹ ਸੱਜਣ ਅੰਗਰੇਜ਼ੀ ਫ਼ੌਜ ਵਿਚ ਕਰਨਲ ਸੀ। ਉਸ ਦਾ ਨਾਂ ਕਰਨਲ ਲਾਈਨਜ ਫਰਜ਼ਦੋ ਸੀ। ਮੈਨੂੰ ਦਸਤਾਰ ਸਜਾਈ ਵੇਖ ਉਹ ਮੇਰੇ ਪਾਸ ਆ ਗਿਆ। ਸਤਿ ਸ੍ਰੀ ਅਕਾਲ ਬੁਲਾ ਕੇ ਆਪਣੀ ਪਰਿਵਾਰਕ ਜਾਣਕਾਰੀ ਦੇਣ ਮਗਰੋਂ ਉਸ ਨੇ ਮੈਨੂੰ ਦੱਸਿਆ :

"ਸਰਦਾਰ ਸਾਹਿਬ ! ਬਹੁਤ ਪੁਰਾਣੀ ਗੱਲ ਹੈ। ਉਸ ਸਮੇਂ ਮੈਂ ਅੰਗਰੇਜ਼ੀ ਸੈਨਾ ਵਿਚ ਕਰਨਲ ਸਾਂ। ਬਹੁਤ ਸਾਰੇ ਸਿੱਖ ਅਫਸਰ ਮੇਰੇ ਸਾਥੀ ਹਨ। ਉਨ੍ਹਾਂ ਨਾਲ ਮੇਰੀ ਤਕੜੀ ਦੋਸਤੀ ਸੀ। ਉਨ੍ਹਾਂ ਦੀ ਪ੍ਰੇਰਨਾ ਸਦਕਾ ਮੈਂ ਸਿੱਖ ਇਤਿਹਾਸ ਦਾ ਚੰਗੀ ਤਰ੍ਹਾਂ ਅਧਿਐਨ ਕੀਤਾ। ਪਿਛਲੇ ਸਾਲ ਮੈਂ ਪੰਜਾਬ ਗਿਆ ਸਾਂ। ਸਰਦੀ ਦਾ ਮੌਸਮ ਸੀ। ਰਾਤ ਨੂੰ ਖੂਬ ਠੰਢ ਹੋ ਗਈ। ਮੇਰੇ ਨਾਲ ਦੀ ਸੀਟ 'ਤੇ ਇਕ ਪੇਂਡੂ ਸਿੱਖ ਸਰਦਾਰ ਬੈਠਾ ਸੀ। ਉਸ ਨੇ ਆਪਣਾ ਕੰਬਲ ਪੇਸ਼ ਕੀਤਾ, ਪਰ ਮੈਂ ਨਾਹ ਕਰ ਦਿੱਤੀ। ਇਹ ਇਸ ਲਈ ਕਿ ਉਹ ਆਪ ਸਾਰੀ ਰਾਤ ਪਾਲੇ ਵਿਚ ਪਿਆ ਰਹੇ, ਇਹ ਠੀਕ ਨਹੀਂ ਸੀ। ਪਤਾ ਨਹੀਂ ਕਿਸੇ ਵੇਲੇ ਮੈਨੂੰ ਨੀਂਦ ਆ ਗਈ। ਸਵੇਰੇ ਜਾਗਿਆ ਤਾਂ ਮੇਰੇ 'ਤੇ ਉਹੀ ਕੰਬਲ ਪਿਆ ਸੀ ਤੇ ਨਾਲ ਵਾਲਾ ਸਰਦਾਰ ਬੈਠਾ ਮੁਸਕਰਾ ਰਿਹਾ ਸੀ। ਇਹ ਵੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਪੰਜਾਬੀ ਲੋਕਾਂ ਵਿੱਚ ਦੂਜਿਆਂ ਲਈ ਹਮਦਰਦੀ ਕੁੱਟ ਕੁੱਟ ਭਰੀ ਹੈ। ਕੀ ਸੰਸਾਰ ਵਿਚ ਕੋਈ ਬੰਦਾ ਸਾਰੀ ਰਾਤ ਠਰ ਸਕਦਾ ਹੈ। ਤੂੰ ਕਿਸੇ ਪ੍ਰਦੇਸੀ ਨੂੰ ਕੰਬਲ ਦੇ ਸਕਦਾ ਹੈਂ। ਇਸ ਘਟਨਾ ਤੋਂ ਮੈਂ ਬੜਾ ਪ੍ਰਭਾਵਿਤ ਹੋਇਆ।"

ਆਪਣੀ ਗੱਲ ਜਾਰੀ ਰੱਖਦਿਆਂ ਕਰਨਲ ਲਾਇਨਜ਼ ਫਰਜ਼ਦੋ ਬੋਲਿਆ, "ਸਰਦਾਰ ਸਾਹਿਬ ! ਅੰਮ੍ਰਿਤਸਰ ਸਾਹਿਬ ਦੇ ਦਰਸ਼ਨਾਂ ਲਈ ਗਿਆ। ਉਥੋਂ ਦੇ ਪ੍ਰਬੰਧਕਾਂ ਨੇ ਮੇਰਾ ਬੜਾ ਸਤਿਕਾਰ ਕੀਤਾ। ਹਰਿਮੰਦਰ ਸਾਹਿਬ ਵਿਚ ਮੈਂ ਕੀਰਤਨ ਸੁਣਿਆ। ਅੰਮ੍ਰਿਤਸਰ ਦੇ ਇਤਿਹਾਸਕ ਅਸਥਾਨ ਤੇ ਅਜਾਇਬ ਘਰ ਵੇਖ ਕੇ ਲਾਹੌਰ ਚਲਾ ਗਿਆ। ਉਥੇ ਮੈਂ ਆਪਣੇ ਪੁਰਾਣੇ ਮਿੱਤਰਾਂ ਨੂੰ ਮਿਲਿਆ। ਉਨ੍ਹਾਂ ਨੂੰ ਪੰਜਾਬ ਤੇ ਵਿਸੇਸ਼ ਕਰ ਕੇ ਸਿੱਖੀ ਦੀ ਬਹਾਦਰੀ ਤੇ ਪ੍ਰਾਹੁਣਾਚਾਰੀ ਦਾ ਜ਼ਿਕਰ ਕੀਤਾ। ਮੇਰੇ ਮੁਸਲਮ ਦੋਸਤ ਮੇਰੀ ਗੱਲ ਸੁਣ ਕੇ ਹੈਰਾਨ ਨਹੀਂ ਹੋਏ। ਉਹ ਕਹਿਣ ਲੱਗੇ "

"ਇਹ ਕੰਬਖਤ ਸਿੱਖ ਲੋਕ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਹਨ। ਅਸੀਂ ਦੋ ਲੜਾਈਆਂ ਲੜੀਆਂ, ਸਾਡਾ ਪਲਾਨ ਕੁਝ ਘੰਟਿਆਂ ਵਿਚ ਹੀ ਦਿੱਲੀ 'ਤੇ ਕਬਜ਼ਾ ਕਰਨ ਦਾ ਸੀ। ਇਸ ਕਰ ਕੇ ਲੜਾਈ ਦੌਰਾਨ ਸਾਡੇ ਰੇਡੀਓ ਤੋਂ ਘੜੀ ਮੁੜੀ ਐਲਾਨ ਹੁੰਦਾ ਸੀ, ਕਿ "ਹੁਣ ਸਾਡੀਆਂ ਫੌਜਾਂ ਦਿੱਲੀ ਵਿਚ ਦਾਖਲ ਹੋ ਗਈਆਂ ਹਨ।" ਪਰ ਕੰਬਖਤ ਸਿੱਖਾਂ ਨੇ ਸਾਨੂੰ ਵਾਹਗਾ ਨਹੀਂ ਟੱਪਣ ਦਿੱਤਾ। ਸਾਡੇ ਰਾਹ ਵਿਚ ਇਕ ਅਹਿਨੀ ਦੀਵਾਰ ਬਣ ਕੇ ਖੜ੍ਹੇ ਹੋ ਗਏ। ਨਾ ਇਨ੍ਹਾਂ ਨੂੰ ਮਰਨ ਦਾ ਡਰ, ਨਾ ਜਾਨਾਂ ਬਚਾ ਕੇ ਪਿੱਛੇ ਭੱਜਣ ਦੀ ਇੱਛਾ। "ਇਹ ਮਰਨਾ ਜਾਂ ਜਿੱਤਣਾ ਹੀ ਜਾਣਦੇ ਹਨ। ਅੱਲ੍ਹਾ ਕਸਮ ! ਇਹ ਨਾ ਹੁੰਦੇ ਤਾਂ ਹੁਣ ਤੀਕ ਚਰੋਕੜੀਆਂ ਸਾਡੇ ਪਾਕਿਸਤਾਨ ਦੀਆਂ ਹੱਦਾਂ ਦਿੱਲੀ ਜਾਂ ਕਲਕੱਤੇ ਤੀਕ ਜਾ ਪਹੁੰਚਦੀਆਂ। ਕਿੱਥੇ ਅਸੀਂ ਸਾਰੇ ਹਿੰਦੁਸਤਾਨ ਨੂੰ ਕਬਜ਼ੇ ਵਿਚ ਕਰਨ ਦੇ ਸੁਪਨੇ ਵੇਖਦੇ ਸਾਂ, ਕਿੱਥੇ ਅੱਧਿਓਂ ਵੱਧ ਪਾਕਿਸਤਾਨ ਹੀ ਆਪਣੇ ਹੱਥੀਂ ਗਵਾ ਬੈਠੇ ਹਾਂ।"

ਸਾਡਾ ਇਹ ਵਾਰਤਾਲਾਪ ਸੰਨ ੧੯੮੭ ਵਿਚ ਸ੍ਰੀ ਲੰਕਾ ਵਿਖੇ ਹੋਇਆ ਸੀ। ਅੱਜ ਮੇਰੇ ਸਾਹਮਣੇ ਪਾਕਿਸਤਾਨ ਦੇ ਰਿਟਾਇਰਡ ਮੇਜਰ ਜਨਰਲ ਮੁਲੀਸ਼ ਖਾਨ ਦੀ ਅੰਗਰੇਜ਼ੀ ਵਿਚ ਲਿਖੀ ਪੁਸਤਕ "ਕਰਾਇਸਿਜ ਆਫ ਲੀਡਰਸ਼ਿਪ ਪਈ ਹੈ। ਲੇਖਕ ਪੁਸਤਕ ਦੇ ਸਫਾ ੨੫੦ 'ਤੇ ਸੰਨ 1971 ਦੀ ਹਿੰਦ ਪਾਕਿ ਜੰਗ ਬਾਰੇ ਲਿਖਦਾ ਹੈ।

ਸਾਡੀ ਹਾਰ ਦਾ ਵੱਡਾ ਕਾਰਨ ਸਿੱਖਾਂ ਦਾ ਸਾਹਮਣੇ ਹੋ ਕੇ ਲੜਨਾ ਹੈ। ਸਿੱਖਾਂ ਦੇ ਸਾਹਮਣੇ ਸਾਡੀ ਕੋਈ ਪੇਸ਼ ਨਾ ਗਈ। ਸਿੱਖ ਬਹੁਤ ਬਹਾਦਰ ਹਨ। ਕਈ ਗੁਣਾਂ ਵੱਡੀ ਫੌਜ ਨੂੰ ਹਾਰ ਦੇਣ ਦੀ ਸਮਰੱਥਾ



www.AKJ.Org

ਰੱਖਦੇ ਹਨ। ਤਿੰਨ ਦਸੰਬਰ 1971 ਨੂੰ ਹਿੰਦੁਸਤਾਨ ਦੇ ਬਾਰਡਰ ਹੁਸੈਨੀਵਾਲਾ ਉਤੇ ਇਨਫੈਂਟਰੀ ਬ੍ਰਿਗੇਡ ਨਾਲ ਜ਼ਬਰਦਸਤ ਤੇ ਭਿਆਨਕ ਹਮਲਾ ਕੀਤਾ। ਸਾਡੇ ਇਸ ਬ੍ਰਿਗੇਡ ਵਿਚ ਪਾਕਿਸਤਾਨ ਦੀ ਲੜਾਕੂ ਪੰਜਾਬੀ ਰਜਮੈਂਟ ਦੇ ਨਾਲ ਬਲੋਚ ਰਜਮੈਂਟ ਵੀ ਸੀ। ਅਸੀਂ ਮਿੰਟਾਂ ਵਿਚ ਭਾਰਤੀ ਫੌਜ ਨੂੰ ਬੜੀ ਦੂਰ ਤਕ ਪਿੱਛੇ ਧਕੇਲ ਦਿੱਤਾ। ਉਨ੍ਹਾ ਦੇ ਰੱਖਿਆ ਮੋਰਚੇ ਸਾਡੇ ਕਬਜ਼ੇ ਵਿਚ ਆ ਗਏ। ਭਾਰਤ ਦੀ ਸੈਨਾ ਬੜੀ ਤੇਜ਼ੀ ਨਾਲ ਪਿੱਛੇ ਭੱਜੀ ਜਾ ਰਹੀ ਸੀ।

ਪਾਕਿਸਤਾਨੀ ਫੌਜਾ ਬੜੀ ਤੇਜ਼ ਰਫਤਾਰ ਨਾਲ ਅੱਗੇ ਵਧਦੀਆ ਜਾ ਰਹੀਆਂ ਸਨ। ਸਾਡੀ ਫੌਜ "ਕੇਸਰੇ ਹਿੰਦ" ਚੌਂਕੀ ਕੋਲ ਜਾ ਪੁੱਜੀ। ਉਸ ਚੌਂਕੀ ਦੀ ਰੱਖਿਆ ਲਈ ਨੀਅਤ ਕੀਤੀ ਗਈ ਫੌਜੀਆਂ ਦੀ ਛੋਟੀ ਜਿਹੀ ਟੁਕੜੀ ਸੀ। ਉਹ ਫੌਜੀ ਸਿੱਖ ਰਜਮੈਂਟਾਂ ਵਿਚੋਂ ਸਨ। ਸਿੱਖ ਰਜਮੈਂਟ ਦੇ ਥੋੜ੍ਹੇ ਜਿਹੇ ਜਵਾਨਾ ਨੇ ਸਾਡਾ ਰਾਹ ਲੋਹੇ ਦੀ ਦੀਵਾਰ ਬਣ ਕੇ ਰੋਕ ਲਿਆ। ਉਹ ਜ਼ੋਰ ਦੀ "ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ।" ਦੇ ਜੈਕਾਰੇ ਗਜਾ ਕੇ ਸਾਡੇ ਤੇ ਭੁੱਖ ਬਾਜਾਂ ਅਤੇ ਸ਼ੇਰਾਂ ਦੀ ਤਰ੍ਹਾਂ ਟੁੱਟ ਪਏ। ਇਹ ਸਭ ਸਿਪਾਹੀ ਸਿੰਘ ਹੀ ਸਨ।

ਬੜੀ ਖੌਫਨਾਕ ਤੇ ਘਮਸਾਨ ਦੀ ਲੜਾਈ ਹੋਈ। ਇਥੋਂ ਤਕ ਕਿ ਲੜਦੇ ਲੜਦੇ ਸਿਪਾਹੀ ਇਕ ਦੂਜੇ ਦੇ ਆਹਮੋ ਸਾਹਮਣੇ ਜ਼ਬਰਦਸਤ ਹੱਥੋਂ ਪਾਈ ਤਕ ਜਾ ਪਹੁੰਚੇ। "ਯਾ ਅਲੀ" ਤੇ ਸਤਿ ਸ੍ਰੀ ਅਕਾਲ" ਦੇ ਨਾਹਰਿਆਂ ਨਾਲ ਅਕਾਸ਼ ਗੂੰਜ ਉਠਿਆ। ਸਿੰਘਾਂ ਨੇ ਹੱਥੋ-ਹੱਥ ਦੀ ਲੜਾਈ ਵਿਚ ਇੰਨੀ ਬਹਾਦਰੀ ਦਿਖਾਈ ਕਿ ਉਨ੍ਹਾ ਸਾਡੇ ਅਰਮਾਨ ਮਿੱਟੀ ਮਿਲਾ ਦਿੱਤੇ।" ਇਸ ਲੜਾਈ ਵਿਚ ਬਲੋਚ ਰਜਮੈਂਟ ਦਾ ਲੈਫਟੀਨੈਂਟ ਕਰਨਲ ਗੁਲਾਬ ਹੁਸੈਨ ਮਾਰਿਆ ਗਿਆ। ਉਸ ਨਾਲ ਮੇਜਰ ਮੁਹੰਮਦ ਜ਼ਈਫ ਅਤੇ ਕੈਪਟਨ ਆਰਿਫ ਸਲੀਮ ਵੀ ਮਾਰੇ ਗਏ।

ਸਾਡੇ ਜਵਾਨਾ ਦੇ ਮਾਰੇ ਜਾਣ ਦੀ ਗਿਣਤੀ ਨਹੀਂ ਸੀ ਕੀਤੀ ਜਾ ਸਕਦੀ। ਸਿਰਫ ਮੁੱਠੀ ਭਰ ਸਿੰਘਾ ਦੀ ਗਿਣਤੀ ਦਾ ਹੌਸਲਾਂ ਵੇਖ ਕੇ ਅਸੀਂ ਹੱਕੇ-ਬੱਕੇ ਰਹਿ ਗਏ। ਜਦ ਅਸੀਂ ਪੱਕੀ ਪੋਸਟ, ਜੋ ਤਿੰਨ ਮੰਜ਼ਲੀ ਅਤੇ ਮਜ਼ਬੂਤ ਸੀਮਿੰਟ ਦੀ ਬਣੀ ਸੀ, ਉਤੇ ਕਬਜ਼ਾ ਕਰ ਲਿਆ, ਤਾਂ ਸਿਪਾਹੀ ਉਸ ਦੀ ਉਪਰਲੀ ਛੱਤ ਉਤੇ ਕਾਬਜ਼ ਹੋ ਗਏ। ਸਾਡਾ ਡੱਟ ਕੇ ਮੁਕਾਬਲਾ ਕਰਦੇ ਰਹੇ। ਉਹ ਸਾਰੀ ਰਾਤ ਸਾਡੇ ਉਤੇ ਗੋਲੀਆ ਦਾ ਮੀਂਹ ਵਰ੍ਹਾਦੇ ਰਹੇ। ਉਹ ਬੜੀ ਉਚੀ ਆਵਾਜ਼ ਵਿਚ " ਸਤਿ ਸ੍ਰੀ ਅਕਾਲ" ਦੇ ਜੈਕਾਰੇ ਛੱਡਦੇ ਰਹੇ। ਇਨ੍ਹਾਂ ਸਿੱਖ ਜਵਾਨਾ ਨੇ ਅਗਲੇ ਦਿਨ ਤਕ ਮੁਕਾਬਲਾ ਜਾਰੀ ਰੱਖਿਆ।

ਅਗਲੇ ਦਿਨ ਪਾਕਿਸਤਾਨੀ ਟੈਂਕਾਂ ਨੇ ਇਸ ਚੌਂਕੀ ਨੂੰ ਘੇਰਾ ਪਾ ਕੇ ਤੋਪਾ ਨਾਲ ਉਡਾ ਦਿੱਤਾ। ਉਹ ਮੁੱਠੀ ਭਰ ਸਿੰਘ ਸਿਪਾਹੀਆਂ ਨੇ ਆਪਣੇ ਤੋਪਖਾਨੇ ਦੀ ਮਦਦ ਨਾਲ ਸਾਡੇ ਟੈਂਕਾ ਨੂੰ ਨਸ਼ਟ ਕਰ ਦਿੱਤਾ। ਉਹ ਬੜੇ ਬਹਾਦਰੀ ਨਾਲ ਲੜਦੇ ਹੋਏ ਅੱਗੇ ਵਧ ਆਏ।

ਇਸ ਤਰ੍ਹਾਂ ਸਾਡੀ ਫੌਜ ਦੇ ਪੈਰ ਉਖੜ ਗਏ। "ਮੁੱਠੀ ਭਰ ਸਿੰਘਾਂ ਨੇ ਸਾਡੀ ਮਹਾਨ ਜਿੱਤ ਨੂੰ ਹਾਰ ਵਿਚ ਬਦਲ ਕੇ ਸਾਡੇ ਹੌਸਲਿਆਂ ਨੂੰ ਮਿੱਟੀ ਵਿਚ ਮਿਲਾ ਦਿੱਤਾ। ਸਾਰੇ ਬਾਰਡਰ ਉਤੇ ਸਾਡੇ ਹੌਂਸਲੇ ਪਸਤ ਹੋ ਗਏ।

ਜੈਸੂਰ ਦੀ ਲੜਾਈ ਵਿਚ ਸਿੰਘਾਂ ਨੇ ਪਾਕਿਸਤਾਨੀ ਫੌਜ ਨਾਲ ਉਹ ਟੱਕਰ ਲਈ ਜਿਸ ਨਾਲ ਸਾਡੀ ਕਮਰ ਟੁੱਟ ਗਈ। ਇਹੀ ਇਕ ਵੱਡਾ ਤੇ ਖਾਸ ਕਾਰਨ ਪਾਕਿਸਤਾਨੀ ਦੀ ਹਾਰ ਦਾ ਬਣਿਆ।"

ਪੰਨਾ ੨੦ ਦਾ ਬਾਕੀ ..)

ਕੰਮ ਇਕੋ ਹੀ ਰਹੇ ਹਰ ਵੇਲੇ। ਰਾਮ ਨਾਮ ਜਪਦਿਆਂ ਆਤਮਾ ਵਿਚ ਰਾਮ ਤੱਕਦੇ ਰਹੀਏ। ਆਪਣੇ ਆਪ ਹੀ ਮਨ ਜੁੜਦਾ ਰਹੇਗਾ। ਸਾਨੂੰ ਜੁੜਣ ਦੀ ਖੇਚਲ ਵੀ ਨਹੀਂ ਹੋਵੇਗੀ।

ਤੀਖਣ ਬੁੱਧੀ ਤੇ Logic ਦਾ ਗਿਆਨ ਸੁਤੇ ਸਿਧ ਆਵੇਗਾ। ਜੇ ਇਕ ਪੱਥਰ ਤੇ ਪੈਰ ਰੱਖ ਕੇ ਮੂਰਤ ਘੜਦੇ ਹਾਂ ਤੇ ਪੂਜਦੇ ਹਾ ਤੇ ਦੂਜੇ ਨੂੰ ਪੈਰਾਂ ਥੱਲੇ ਰੋਲਦੇ ਹਾਂ ਤਾ, ਇਸ ਵਿਚ ਕੀ Logic ਹੈ ? ਜੇ ਉਹ ਦੇਵ ਹੈ ਤਾ ਇਹ ਵੀ ਦੇਵ ਹੋਵੇਗਾ। ਨਾਮਦੇਵ ਜੀ ਨੇ ਬੁਝ ਲਇਆ। ਆਉ ਅਸੀਂ ਵੀ ਬੁਝੀਏ। ਹਰਿ ਕੀ ਸੇਵ ਨਾਲ ਆਤਮਰਾਮ ਨਿਹਾਰੀਏ। ਨਿਰੰਤਰ ਯਾਦ ਨਾਲ, ਨਿਰੰਤਰ ਆਪਣਾ ਆਪ ਮਿਟਾਣ ਵਿਚ ਲੱਗੇ ਰਹੀਏ ਤਾ ਜੋ "ਆਪ ਮਿਲਿਆ ਘਰ ਆਏ" ਹੋ ਜਾਏ।



www.AKJ.Org

# ਕੀ ਮੈਂ ਸਿੱਖ ਸਦਾ ਸਕਦਾ ਹਾਂ ?

(ਕੁਲਦੀਪ ਸਿੰਘ ਚੰਡੀਗੜ੍ਹ)

ਗੁਰਬਾਣੀ ਨੂੰ ਗਾਣਾ ਸਿੱਖਿਆ, ਤੜਕੇ ਉਠ ਧਿਆਣਾ ਸਿੱਖਿਆ।
ਦੂਜਿਆ ਤਾਂਈ ਸੁਨਾਣਾ ਸਿੱਖਿਆ, ਪੜ੍ਹ ਸੁਣ ਕੇ ਭੁਲ ਜਾਣਾ ਸਿੱਖਿਆ।
ਅਮਲ ਕਰਨ ਨੂੰ ਜੀ ਨਹੀ ਕਰਦਾ, ਅਮਲ ਤੋਂ ਲਾਂਭੇ ਜਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ• ਸਕਦਾ ਹਾ ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।
ਸਿੱਖਿਆ ਸ਼ਬਦ ਨਾ ਮਨ ਵਸਾਣਾ, ਹਸਣਾ, ਸੌਣਾ, ਪੀਣਾ ਖਾਣਾ।
ਕਰਮ ਧਰਮ ਦੀ ਸਾਰ ਨਾ ਜਾਣਾ, ਦਿਲ ਸਿੱਖਿਆ ਮੈ ਸਭ ਦਾ ਛਾਣਾ।
ਗੁਣ ਸਦਾ ਆਪਣੇ ਹੀ ਗਾਵਾਂ, ਐਸੇ ਕਰਮ ਕਮਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾ ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।
ਗੁਰਬਾਣੀ ਨਹੀਂ ਰਿਦੇ ਵਿਚਾਰੀ, ਨਾ ਹੀ ਮਨ ਨੂੰ ਲਗੀ ਪਿਆਰੀ।
ਪੜ੍ਹ ਦਿੱਤੀ ਸਾਰੀ ਦੀ ਸਾਰੀ, ਸਿੱਖਿਆ ਇੱਕ ਭੀ ਮਨ ਨਹੀ ਧਾਰੀ।
ਸਿਫਤ ਕਿਸੇ ਦੀ ਸੁਣ ਨਹੀਂ ਸਕਦਾ, ਆਪਣੇ ਸ਼ੋਹਲੇ ਗਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾ ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।
ਪਰ ਨਿੰਦਾ ਨਹੀ ਮਨ ਤੋਂ ਛੁਟੀ, ਭਾਵੇਂ ਗੁਰਸਿੱਖਾਂ ਸੰਗ ਤੁਟੀ।
ਜੜ੍ਹ ਆਪਣੀ ਮੈਂ ਆਪੇ ਪੁਟੀ, ਹਉ ਲੁਟੀ ਹਉ ਆਪੇ ਲੁਟੀ।
ਨਿੰਦਾ ਵਿੱਚ ਪ੍ਰਬੀਨ ਬਹੁਤ ਮੈਂ, ਭਾਂਬੜ ਅੱਗ ਮਚਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾ ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।
ਚੁਗਲੀ ਕਰ ਮੈਂ ਕਾਜ ਵਿਗਾੜਾਂ, ਸੁਖ ਵਸਦੇ ਮਾ ਜਾਇਆ ਪਾੜਾਂ।
ਨਫਰਤ ਦੀ ਅਗਨੀ ਵਿੱਚ ਸਾੜਾਂ, ਅਵਸਰ ਐਸਾ ਸਦ ਹੀ ਹੀ ਤਾੜਾਂ।
ਜਦ ਭੀ ਮੌਕਾ ਮਿਲ ਜਾਵੇ, ਮੈਂ ਝੱਟ ਪੁਆੜਾ ਪਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾ ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।
ਪਰ ਤ੍ਰਿਅਨੇਹ ਸਰਪ ਸਿਉਂ ਯਾਰੀ, ਇਕੋ ਜਿਹੀ ਗਲ, ਗੁਰਾਂ ਉਚਾਰੀ।
ਖੈਰ ਨਾ ਪੱਲੇ, ਸਦਾ ਖੁਆਰੀ, ਫਿਰ ਭੀ ਪਰ ਤ੍ਰਿਆ ਹਿਤਕਾਰੀ।
ਰੂਪੈ, ਕਾਮੈ, ਖਰੀ ਦੋਸਤੀ, ਪਾਪ ਬਿਸਾਰਨ ਜਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।
ਹਿਰਦੇ ਵਿੱਚ ਬਿਬੇਕ ਨਾ ਵਸਿਆ, ਜੋ ਜੋ ਸਤਿਗੁਰ ਜੀ ਨੇ ਦੱਸਿਆ।
ਕਰਮਕਾਂਡ ਵਿੱਚ ਡਾਢ੍ਹਾ ਫਸਿਆ, ਸੱਚ ਆਚਾਰ ਤੋਂ ਮੁੜ ਮੁੜ ਨਸਿਆ।
ਸੱਚ ਆਚਾਰ ਨਹੀ ਰੰਗ ਰਾਤਾ, ਸੱਚ ਨੂੰ ਝੂਠ ਬਣਾ ਸਕਦਾ ਹਾਂ।
ਕੀ ਮੈਂ ਸਿਖ ਸਦਾ ਸਕਦਾ ਹਾ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।
ਕਪਟੀ ਹੋਇ ਕੇ ਕਪਟ ਕਮਾਵਾਂ, ਆਪ ਨਾ ਬੁਝਾ ਲੋਕ ਬੁਝਾਵਾਂ।
ਭਲਾ ਕਰਨ ਦੇ ਰਾਹ ਨਾ ਜਾਵਾਂ, ਭਾਵੇਂ ਸਹੁ ਭਾਵਾ . ਨਾਂ ਭਾਵਾਂ।
ਸੇਵਾ ਸਿਮਰਨ ਹੈ ਨਹੀ ਪੱਲੇ, ਫਿਰ ਭੀ ਨਾਮ ਕਮਾ ਸਕਦਾ ਹਾਂ।
ਕੀ ਮੈਂ ਸਿਖ ਸਦਾ ਸਕਦਾ ਹਾਂ ? ਸਤਿਗੁਰ ਜੀ ਨੂੰ ਭਾਅ ਸਕਦਾ ਹਾ ?
ਦੁਸ ਨਖ ਕਰ ਨਾ•ਕਾਰ ਕਮਾਵਾਂ, ਦਇਆ ਦਾਨ ਦੇ ਨੇੜ ਨਾ ਜਾਵਾਂ।
ਧਰਮ ਦੇ ਲੇਖੇ ਮੂਲ ਨਾ ਲਾਵਾਂ, ਇਉਂ ਕਿਉਂ ਅਪਣਾ ਕੰਤੁ ਮਨਾਵਾਂ।



www.AKJ.Org

ਲੋਭ ਦੀ ਮਾਲਾ ਗਲ ਵਿੱਚ ਪਾਕੇ, ਹੱਕ ਪਰਾਇਆ ਖਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ ?
ਵੈਰ ਵਿਰੋਧ ਨਾ ਮਨ ਤੋਂ ਜਾਂਦਾ, ਅਸਲੀਅਤ ਨੂੰ ਸਦਾ ਛੁਪਾਦਾਂ,
ਗੁਣ ਸਦਾ ਆਪਣੇ ਹੀ ਗਾਦਾ, ਪਰ ਕਾ ਬੁਰਾ ਕਰਨ ਨੂੰ ਜਾਂਦਾ।।
ਵੈਰ ਵਿਰੋਧੋਂ ਮੂਲ ਨਾ ਡਰਦਾ, ਕਲਾ ਕਲੇਸ ਵਧਾ ਸਕਦਾ ਹਾਂ।।
ਕੀ ਮੈਂ ਸਿੱਖ ਸਦਾ ਸਕਦਾ ਹਾਂ ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।।
''ਗੰਢ ਪਰੀਤੀ'' ਮਿੱਠੇ ਬੋਲ, ਸਤਿਗੁਰ ਜੀ ਦੇ ਬਚਨ ਅਮੋਲ।।
ਮੇਰੇ ਪੱਲੇ ਖਰਵੇਂ ਬੋਲ, ਕਿਵੇਂ ਗੁਰਾਂ ਦੇ ਆਵਾਂ ਕੋਲ।।
ਮਿਲਿਆ ਮਾਨਸ ਜਨਮ ਅਮੋਲਕ, ਕਉਡੀ ਸੰਗ ਗਵਾ ਸਕਦਾ ਹਾਂ।।
ਕੀ ਮੈਂ ਸਿੱਖ ਸਦਾ ਸਕਦਾ ਹਾਂ ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।।
ਧਰਮ ਦੇ ਨਾਲੋਂ ਧੜਾ ਪਿਆਰਾ, ਜੋਰ ਇਸੇ ਗਲ ਉੱਤੇ ਸਾਰਾ।।
ਧੜਾ ਬਣੇ ਤਾਂ ਮਿਲੇ ਹੁਲਾਰਾ, ਧਰਮ ਦੀ ਗਲੋਂ ਕਰਾਂ ਕਿਨਾਰਾ।।
ਧਰਮ ਦੇ ਰਾਹ, ਚਲਾਂ-ਨਾ-ਚਲਾਂ, ਭੇਖ ਜ਼ਰੂਰ ਬਣਾ ਸਕਦਾ ਹਾਂ।।
ਕੀ ਮੈਂ ਸਿੱਖ ਸਦਾ ਸਕਦਾ ਹਾਂ ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।।
ਗੁਰਬਾਣੀ ਵਿਚ ਲਿਖਿਆ ਏਹ......
''ਕਹੁ ਗੁਸਾਈ ਮਿਲੀਐ ਕੇਹ।। ਜੋ ਬਿਬਰਜਤ ਤਿਸ ਸਿਉ ਨੇਹ।।''
ਗੁਰ ਬਚਨ ਸੰਗ ਨਹੀਂ ਸਨੇਹ।। ਗਰਧਪ ਪ੍ਰੀਤਿ ਸਦਾ ਸੰਗ ਖੇਹ।।
ਪਰ ਫਿਰ ਵੀ...
ਪ੍ਰੇਮ ਪ੍ਰੀਤਿ ਦੇ ਸੋਹਲੇ ਗਾ ਕੇ, ਪ੍ਰੀਤਿ ਤੋਂ ਲਾਂਭੇ ਜਾ ਸਕਦਾ ਹਾਂ?
ਕੀ ਮੈਂ ਸਿੱਖ ਸਦਾ ਸਕਦਾ ਹਾਂ ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ ?
ਗੁਰਬਾਣੀ ਜੇ ਮਨ ਵਸ ਜਾਵੇ।। ਮਨ ਬਚ, ਕਰਮੀ ਹੁਕਮ ਕਮਾਵੇ।।
ਭਲਾ ਸਭਸ ਦਾ ਇਹ ਮਨ ਚਾਹਵੇ।। ਸੇਵਕ ਬਣ ਕਰ ਸੇਵ ਕਮਾਵੇ।।
ਜਪ-ਤਪ ਨਾਮ ਹੋਵਾਂ ਮਤਵਾਲਾ, ਤਾਂ ਫਿਰ ਸਿੱਖ ਸਦਾ ਸਕਦਾ ਹਾਂ।।
ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।। ਸਤਿਗੁਰ ਜੀ ਨੂੰ ਭਾਅ ਸਕਦਾ ਹਾਂ ?

## ਸੂਰਾ ਸਹਾਇਤਾ ਫੰਡ ਵਿਚ ਪੁੱਜੀ ਸਹਾਇਤਾ

| | | | |
|---|---|---|---|
| ਗੁਪਤ- | 300/- | ਹਰਚਰਨ ਸਿੰਘ ਧੂਰੀ- | 10/- |
| ਗੁਪਤ- | 50/- | ਦਮਨਪ੍ਰੀਤ ਸਿੰਘ- | ੨੨0/- |
| ਗੁਪਤ ਲੁਧਿਆਣਾ- | ੨00/- | ਕਰਤਾਰ ਸਿੰਘ ਗਰੀਬ- | ੨0/- |
| ਪਿਆਰਾ ਸਿੰਘ ਅੰਮ੍ਰਿਤਸਰ- | ੨00/- | ਭਗਵੰਤ ਸਿੰਘ- | ੨00/- |
| ਸ੍ਰ ਹਰਬੰਸ ਸਿੰਘ (ਨਵੀਂ ਦਿੱਲੀ)- | 100/- | ਪ੍ਰੀਤਮ ਸਿੰਘ ਦਸੂਆ- | 500/- |
| ਬਲਬੀਰ ਸਿੰਘ- | 100/- | ਕੁਲਵੰਤ ਸਿੰਘ ਕਲਕੱਤਾ- | ੨000/- |
| ਸ੍ਰ ਹਰਭਜਨ ਸਿੰਘ ਲੁਧਿਆਣਾ- | 100/- | | |

## ਫ੍ਰੀ ਲਿਟ੍ਰੇਚਰ ਫੰਡ ਲਈ ਪੁੱਜੀ ਸਹਾਇਤਾ

| | | | |
|---|---|---|---|
| ਸ੍ਰ ਮਹਿੰਦਰ ਸਿੰਘ ਲੁਧਿਆਣਾ- | 100/- | ਗੁਪਤ- | 1000/- |
| ਸੰਤ ਕੌਰ ਲੁਧਿਆਣਾ- | 101/- | ਗੁਪਤ- | 50/- |
| ਗੁਪਤ- | 100/- | ਹਰਮੀਤ ਸਿੰਘ- | 50/- |
| ਗੁਪਤ- | 500/- | ਗੁਪਤ- | 400/- |
| ਗੁਪਤ- | ੨0/- | ਜੇ-11 ਵੈਸਟ ਪਟੇਲ ਨਗਰ ਦਿੱਲੀ)- | 100/- |
| ਗੁਪਤ- | 70/- | | |


www.AKJ.Org

ਆਰ. ਐਸ. ਐਸ. ਵੱਲੋਂ ਸਿੱਖ ਧਰਮ ਬਾਰੇ ਪਾਏ ਜਾ ਰਹੇ ਭੁਲੇਖਿਆ ਦੇ ਪ੍ਰਸੰਗ 'ਚ

# ਕੁਝ ਸਵਾਲ ਇਹ ਵੀ

(ਜਸਪਾਲ ਸਿੰਘ -ਚੈਅਰਮੈਨ ਹਿਊਮਨ ਰਾਈਟਸ ਐਂਡ ਡੈਮੋਕਰੇਸੀ ਫੋਰਮ ਮੁਹਾਲੀ)

ਪ੍ਰਸ਼ਨ :1984 ਵਿੱਚ ਦਰਬਾਰ ਸਾਹਿਬ ਉਤੇ ਫੌਜੀ ਕਬਜ਼ਾ ਹੋਣ ਪਿਛੋਂ ਕਿਨ੍ਹਾ ਲੋਕਾ ਨੇ ਖੁਸ਼ੀ ਵਿੱਚ ਲੱਡੂ ਵੰਡੇ ?

ਉਤਰ :ਪੰਜਾਬੀ ਹਿੰਦੂਆਂ ਦੇ ਕੁੱਝ ਗਰੁੱਪਾਂ ਨੇ।

ਪ੍ਰਸ਼ਨ :ਕੀ ਆਰ. ਐਸ. ਐਸ. ਨੇ ਜਾਂ ਕਿਸੇ ਹੋਰ ਪ੍ਰਮੁੱਖ ਹਿੰਦੂ ਜਥੇਬੰਦੀ ਨੇ ਪੰਜਾਬੀ ਹਿੰਦੂਆਂ ਦੀ ਇਸ ਕਾਰਵਾਈ ਦੀ ਨਿੰਦਾ ਕੀਤੀ।

ਉਤਰ :ਬਿਲਕੁੱਲ ਨਹੀਂ।

ਪ੍ਰਸ਼ਨ : ਕੀ ਦਰਬਾਰ ਸਾਹਿਬ ਉਤੇ ਭਾਰਤੀ ਫੌਜ ਵਲੋਂ ਕੀਤੇ ਹਮਲੇ ਵਿਰੁੱਧ ਰੋਸ ਵਜੋਂ ਆਰ. ਐਸ. ਐਸ. ਨੇ ਕੋਈ ਵਿਸੇਸ ਬਿਆਨ ਜਾਂ ਦਸਤਾਵੇਜ਼ ਜਾਰੀ ਕੀਤਾ ?

ਉਤਰ :ਸਾਡੀ ਜਾਣਕਾਰੀ ਵਿੱਚ ਅਜਿਹਾ ਕੋਈ ਦਸਤਾਵੇਜ਼ ਨਹੀਂ ਹੈ।

ਪ੍ਰਸਨ : ਕੀ ਦਰਬਾਰ ਸਾਹਿਬ ਸਾਕੇ ਬਾਰੇ ਕਾਂਗਰਸ ਸਰਕਾਰ ਨੇ ਬਕਾਇਦਾ ਕਿਸੇ ਮਤੇ ਰਾਹੀਂ ਪਾਰਲੀਮੈਂਟ ਵਿੱਚ ਮੁਆਫੀ ਮੰਗੀ ?

ਉਤਰ :ਕਾਂਗਰਸ ਸਰਕਾਰ ਨੇ ਤਾਂ ਕੀ ਸਗੋਂ ਕਿਸੇ ਵੀ ਕੇਂਦਰ ਸਰਕਾਰ ਨੇ ਮੁਆਫੀ ਨਹੀਂ ਮੰਗੀ ਅਤੇ ਨਾ ਹੀ ਮੁਆਫੀ ਮੰਗਣ ਦੀ ਲੋੜ ਸਮਝੀ। ਕਿਸੇ ਵੀ ਸਿਆਸੀ ਪਾਰਟੀ ਦੇ ਸੰਸਦ ਮੈਂਬਰਾਂ ਨੇ ਸਮੂਹਿਕ ਤੌਰ ਤੇ ਅਜਿਹਾ ਕਰਨ ਬਾਰੇ ਕੋਈ ਕਦਮ ਵੀ ਨਹੀਂ ਪੁੱਟਿਆ।

ਪ੍ਰਸ਼ਨ :...... ਤੇ ਵਿਰੋਧੀ ਧਿਰ ਦੇ ਇਕ ਅਹਿਮ ਆਗੂ ਨੇ ਕੀ ਆਖਿਆ ?

ਉਤਰ :ਇਹ ਅਹਿਮ ਆਗੂ ਸ੍ਰੀ ਅਟਲਬਿਹਾਰੀ ਵਾਜਪਾਈ ਹਨ ਜੋ ਇਸ ਸਮੇਂ ਭਾਰਤ ਦੇ ਪ੍ਰਧਾਨ ਮੰਤਰੀ ਹਨ। ਉਹਨਾ ਨੇ ਉਸ ਸਮੇਂ ਇਹ ਟਿੱਪਣੀ ਕੀਤੀ ਕਿ ਇਹ ਫੌਜੀ ਕਾਰਵਾਈ ੬ ਮਹੀਨੇ ਪਹਿਲਾਂ ਹੋ ਜਾਣੀ ਚਾਹੀਦੀ ਸੀ।

ਪ੍ਰਸ਼ਨ :ਕੀ ਆਰ. ਐਸ. ਐਸ. ਜਾਂ ਕਿਸੇ ਹੋਰ ਹਿੰਦੂ ਜਥੇਬੰਦੀ ਨੇ ਜਾਂ ਪੰਜਾਬ ਦੇ ਪੰਜਾਬੀ ਹਿੰਦੂਆਂ ਨੇ ਜੱਥੇਬੰਦਕ ਰੂਪ ਵਿਚ ਜਾਂ ਵਿਅਕਤੀਗਤ ਤੌਰ ਤੇ ਮੁਆਫੀ ਮੰਗਣ ਬਾਰੇ ਕਿਸੇ ਵੀ ਕੇਂਦਰ ਸਰਕਾਰ ਨੂੰ ਕਦੇ ਸਲਾਹ ਦਿੱਤੀ ? ਦਬਾਅ ਪਾਇਆ ?

ਉਤਰ :ਨਹੀਂ ਜੀ।

ਪ੍ਰਸ਼ਨ :ਨਵੰਬਰ 1984 ਵਿੱਚ ਸਿਖਾ ਦੇ ਕਤਲੇਆਮ ਵਿੱਚ ਸਭ ਤੋਂ ਵੱਡਾ ਰੋਲ ਕਿਸ ਨੇ ਅਦਾ ਕੀਤਾ।

ਉਤਰ :ਕਾਂਗਰਸੀ ਹਿੰਦੂਆ ਨੇ।

ਪ੍ਰਸ਼ਨ :ਉਸ ਸਮੇਂ ਦੇ ਹਾਕਮਾ ਨੇ ਇਸ ਘਟਨਾ ਬਾਰੇ ਕੀ ਟਿੱਪਣੀ ਕੀਤੀ ?

ਉਤਰ :ਉਸ ਸਮੇਂ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਧੀ ਨੇ ਕਿਹਾ ਕਿ ਜਦੋਂ ਕੋਈ ਵੱਡਾ ਦਰਖਤ ਡਿੱਗਦਾ ਹੈ ਤਾ ਧਰਤੀ ਹਿਲਦੀ ਹੀ ਹੈ।

ਪ੍ਰਸ਼ਨ :ਸਿਖਾ ਦੇ ਉਹ ਕਿਹੜੇ ਗੁਰੂ ਸਨ ਜਿਨ੍ਹਾ ਨੇ ਰਿਹਾਅ ਹੋਣ ਤੋਂ ਪਹਿਲਾਂ ੫੨ ਨਜ਼ਰਬੰਦ ਹਿੰਦੂ ਰਾਜਿਆ ਨੂੰ ਰਿਹਾਅ ਕਰਨ ਦੀ ਵੀ ਸ਼ਰਤ ਰੱਖੀ ਅਤੇ ਇਹ ਸ਼ਰਤ ਮਨਜ਼ੂਰ ਕਰਵਾਈ ?

ਉਤਰ :ਛੇਵੇਂ ਪਾਤਸ਼ਾਹ ਤੇ ਮੀਰੀ ਪੀਰੀ ਦੇ ਮਾਲਕ ਸਹਿਨਸ਼ਾਹ ਗੁਰੂ ਹਰਗੋਬਿੰਦ ਸਾਹਿਬ।

ਪ੍ਰਸ਼ਨ :ਗੁਰੂ ਗੋਬਿੰਦ ਸਿੰਘ ਜੀ ਦੀਆ ਮੁੱਢਲੀਆ ਜੰਗਾ ਕਿਨ੍ਹਾ ਨਾਲ ਹੋਈਆਂ ਤੇ ਕਿਉਂ ?

ਉਤਰ :ਹਿੰਦੂ ਪਹਾੜੀ ਰਾਜਿਆਂ ਨਾਲ। ਸਭ ਤੋਂ ਵੱਡਾ ਕਾਰਨ ਇਹ ਸੀ ਕਿ ਹਿੰਦੂ ਰਾਜੇ ਹਿੰਦੂ-ਮੁਸਲਮਾਨ ਤੋਂ ਨਿਆਰੇ ਖਾਲਸੇ ਦੀ ਚੜ੍ਹਤ ਨੂੰ ਬਰਦਾਸ਼ਤ ਨਹੀਂ ਸੀ ਕਰਦੇ।

ਪ੍ਰਸ਼ਨ :ਪਹਾੜੀ ਰਾਜਿਆ ਨੇ ਖਾਲਸਾ ਪੰਥ ਵਿੱਚ ਸ਼ਾਮਲ ਹੋਣ ਲਈ ਕਿਹੜੀ ਸ਼ਰਤ ਲਾਈ ਅਤੇ ਗੁਰੂ ਸਾਹਿਬ ਨੇ ਕੀ ਜਵਾਬ ਦਿੱਤਾ ?

ਉਤਰ :ਪਹਾੜੀ ਰਾਜਿਆਂ ਨੇ ਦਲੀਲ ਦਿੱਤੀ ਕਿ ਉਹ ਕਿਉਂਕਿ ਉਚੀਆ ਜਾਤਾਂ ਨਾਲ ਸਬੰਧ ਰੱਖਦੇ ਹਨ ਅਤੇ ਉਹ ਕੰਮੀ ਕਮੀਨਾ ਨਾਲ ਰਲ ਕੇ ਅੰਮ੍ਰਿਤ ਨਹੀਂ ਛਕ ਸਕਦੇ, ਇਸ ਲਈ ਉਨ੍ਹਾ ਲਈ ਵੱਖਰੇ ਤੌਰ ਤੇ ਅੰਮ੍ਰਿਤ ਛਕਾਉਣ ਦਾ ਪ੍ਰਬੰਧ ਕੀਤਾ ਜਾਏ। ਗੁਰੂ ਸਾਹਿਬ ਨੇ ਅਜਿਹਾ ਕਰਨ ਤੋਂ ਸਾਫ ਨਾਂਹ ਕਰ ਦਿੱਤੀ ਅਤੇ ਕਿਹਾ ਕਿ ਖਾਲਸਾ ਪੰਥ ਕਿਸੇ ਵਰਣ ਵੰਡ ਜਾਂ ਜਾਤ ਪਾਤ ਵਿੱਚ ਯਕੀਨ ਨਹੀਂ ਰੱਖਦਾ। (ਚਲਦਾ)



www.AKJ.Org

# ਸਿਖ ਇਤਿਹਾਸ ਵਿਚ ਫਰਵਰੀ ਮਹੀਨੇ ਦੇ ਕੁੱਝ ਮਹੱਤਵਪੂਰਨ ਦਿਹਾੜੇ

ਫਰਵਰੀ ੫ (ੳ) ਸਾਕਾ ਵੱਡਾ ਘੱਲੂਘਾਰਾ (੧੭੬੨ ਈ.) ਮਲੇਰ ਕੋਟਲਾ ਦੇ ਨੇੜੇ ਕੁੱਪ ਰਹੀੜੇ ਤੋਂ ਆਰੰਭ ਹੋ ਕੇ ਕੁਤਬਾ ਬਾਹਮਣੀਆਂ ਅਤੇ ਪਿੰਡ ਗਹਿਰ ਦੇ ਅਸਥਾਨ 'ਤੇ ਅਹਿਮਦਸ਼ਾਹ ਅਬਦਾਲੀ ਤੇ ਖ਼ਾਲਸਾ ਦਲ ਦੇ ਦਰਮਿਆਨ ਬੜੀ ਭਿਆਨਕ ਲੜਾਈ ਹੋਈ, ਜਿਸ ਨੂੰ ਵੱਡਾ ਘੱਲੂਘਾਰਾ ਕਿਹਾ ਜਾਂਦਾ ਹੈ। ੫੦ ਹਜਾਰ ਖ਼ਾਲਸਾ ਦਲ ਵਿੱਚੋਂ (ਸਮੇਤ ਵਹੀਰ ਦੇ) ੩੦ ਹਜਾਰ ਦੇ ਕਰੀਬ ਸਿੱਖ ਸ਼ਹੀਦ ਹੋਏ। ਸਿੱਖਾਂ ਦਾ ਭਾਵੇਂ ਨੁਕਸਾਨ ਤਾਂ ਬਹੁਤ ਹੋਇਆ, ਪਰ ਚੜ੍ਹਦੀ ਕਲਾ ਵਿਚ ਰਤੀ ਭਰ ਵੀ ਘਾਟ ਨਾ ਆਈ। ਅਹਿਮਦਸ਼ਾਹ ਨੇ ਸਿੱਖਾਂ ਨਾਲ ਲੜਾਈਆਂ ਲੜਨ ਤੋਂ ਬਾਅਦ ਪੰਜਾਬ ਨੂੰ ਛੱਡ ਜਾਣ ਵਿਚ ਹੀ ਭਲਾਈ ਸਮਝੀ, ਜਿਸ ਦੇ ਫਲਸਰੂਪ ਕੁਝ ਸਮੇਂ ਮਗਰੋਂ ਪੰਜਾਬ ਵਿਚ ਖਾਲਸਾ ਰਾਜ ਸਥਾਪਿਤ ਹੋਇਆ, ਜੋ ਉਨ੍ਹੀਵੀਂ ਸਦੀ ਦੇ ਅੱਧ ਤਕ ਕਾਇਮ ਰਿਹਾ।

(ਅ) ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਹਸਨ ਅਬਦਲ (ਪਾਕਿਸਤਾਨ) ਪੰਥਕ ਪ੍ਰਬੰਧ ਹੇਠ ਆਇਆ (੧੯੨੧ ਈ.)। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵਲੀ ਕੰਧਾਰੀ ਦਾ ਪਹਾੜੀ ਤੋਂ ਡੇਗਿਆ ਪੱਥਰ ਆਪਣੇ ਹੱਥ ਦੇ ਪੰਜੇ ਨਾਲ ਰੋਕ ਕੇ ਅਤੇ ਪਰਬਤ ਵਿਚੋਂ ਪਾਣੀ ਵਗਾ ਕੇ, ਜ਼ਾਹਰਾ ਕਲਾ ਵਿਖਾ ਕੇ ਵਲੀ ਕੰਧਾਰੀ ਦਾ ਹੰਕਾਰ ਤੋੜਿਆ ਸੀ। ਇਥੇ ਹਰ ਸਾਲ ਵਿਸਾਖੀ 'ਤੇ ਸਿੱਖ ਯਾਤਰੂਆਂ ਦੇ ਜਥੇ ਜਾਂਦੇ ਹਨ ਅਤੇ ਮੇਲਾ ਬੜੀ ਧੂਮ-ਧਾਮ ਨਾਲ ਮਨਾਇਆ ਜਾਂਦਾ ਹੈ।

ਫਰਵਰੀ ੯ ਪਹਿਲੀ ਵਿਸ਼ਵ ਸਿੱਖ ਕਨਵੈਨਸ਼ਨ, ਸ੍ਰੀ ਅੰਮ੍ਰਿਤਸਰ (੧੯੭੫ ਈ.) ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸੱਦੀ, ਜਿਸ ਵਿਚ ਚਾਰ ਅਹਿਮ ਮਸਲਿਆ, (੧) ਗੁਰਦੁਆਰਿਆ ਦੀ ਜ਼ਮੀਨ 'ਤੇ ਲੱਗੀ ਸੀਲਿੰਗ ਹਟਾਉਣ, (੨) ਗੁਰਦੁਆਰਿਆ 'ਤੇ ਇਨਕਮ ਟੈਕਸ ਨਾ ਲਾਉਣ, (੩) ਸ਼੍ਰੋਮਣੀ ਕਮੇਟੀ ਦਾ ਅਧਿਕਾਰ ਖੇਤਰ ਉਹੋ ਹੀ ਰੱਖਣ ਤੇ (੪) ਦਿੱਲੀ ਸਿੱਖ ਗੁਰਦੁਆਰਾਂ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਐਕਟ ਅਧੀਨ ਕਰਾਉਣ ਲਈ ਸਰਕਾਰ ਨੂੰ ਵਾਰਨਿੰਗ ਦਿੱਤੀ। ਸਰਕਾਰ ਨੇ ਚਾਰੇ ਮੰਗਾਂ 'ਤੇ ਅਮਲ ਕਰਨ ਲਈ ਆਰਡੀਨੈਂਸ ੯ ਮਈ, ੧੯੭੫ ਨੂੰ ਜਾਰੀ ਕੀਤਾ।

ਫਰਵਰੀ ੧੦ (ੳ) ਸਭਰਾਵਾਂ ਦੇ ਸਥਾਨ 'ਤੇ ਸਿੱਖਾਂ ਤੇ ਅੰਗਰੇਜ਼ਾਂ ਦੀ ਲੜਾਈ ਹੋਈ(੧੮੪੬ ਈ.)। ਇਸ ਲੜਾਈ ਵਿਚ ਘਰ ਦੀ ਫੁੱਟ ਕਾਰਨ ਸਿੱਖਾਂ ਦਾ ਬੜਾ ਭਾਰੀ ਨੁਕਸਾਨ ਹੋਇਆ। ਸਿੱਖ ਰਾਜ ਦੇ ਬਹਾਦਰ ਜਰਨੈਲ ਸਰਦਾਰ ਸ਼ਾਮ ਸਿੰਘ ਜੀ ਅਟਾਰੀ ਸਭਰਾਵਾਂ ਦੀ ਲੜਾਈ ਵਿਚ ਅੰਗਰੇਜ਼ ਫ਼ੌਜਾਂ ਵਿਰੁੱਧ ਬੀਰਤਾ ਨਾਲ ਲੜਦੇ ਹੋਏ ਸ਼ਹੀਦ ਹੋ ਗਏ।

(ਅ) ਕੰਵਰ ਨੌਨਿਹਾਲ ਸਿੰਘ ਦਾ ਜਨਮ (੧੮੨੦ ਈ.)। ਆਪ ਦੇ ਮਾਤਾ-ਪਿਤਾ ਮਹਾਰਾਣੀ ਮਹਿਤਾਬ ਕੌਰ ਤੇ ਮਹਾਰਾਜਾ ਖੜਕ ਸਿੰਘ ਸਨ। ਆਪ ਧਿਆਨ ਸਿੰਘ ਡੋਗਰਾ ਦੀ ਸਾਜ਼ਿਸ਼ ਦਾ ੫ ਨਵੰਬਰ, ੧੮੪੦ ਈ ਨੂੰ ਸ਼ਿਕਾਰ ਹੋਏ

ਫਰਵਰੀ ੧੩ ਨਿਰੰਕਾਰੀ ਲਹਿਰ ਦੇ ਆਗੂ ਬਾਬਾ ਦਰਬਾਰਾ ਸਿੰਘ ਦਾ ਅਕਾਲ-ਚਲਾਣਾ (੧੮੭੦ ਈ.)।

ਫਰਵਰੀ ੧੫ ਈਸਟ ਇੰਡੀਆ ਕੰਪਨੀ ਨੇ ਜੀਂਦ ਨਰੇਸ਼ ਸਰਦਾਰ ਭਾਗ ਸਿੰਘ ਅਤੇ ਹਿਠਾੜ ਸਤਲੁਜ ਦੇ ਹੋਰ ਰਾਜਿਆਂ ਨਾਲ ਗੰਢਤਰੁਪ ਕਰਕੇ ੧੮੦੯ ਈ ਵਿਚ ਲੁਧਿਆਣਾ ਵਿਖੇ ਛਾਉਣੀ ਪਾਈ ਤਾਂ ਜੋ ਸਿੱਖ ਰਾਜ ਦੇ ਸਤਲੁਜ ਉਲਾਰ ਪਸਾਰੇ 'ਤੇ ਰੋਕ ਲਈ ਜਾ ਸਕੇ।

ਫਰਵਰੀ ੨੧ (ੳ) ਸਾਕਾ ਸ੍ਰੀ ਨਨਕਾਣਾ ਸਾਹਿਬ, ੧੯੨੧ ਈ. ਵਿਚ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਹੰਤ ਨਰਾਇਣ ਦਾਸ ਨੇ ਸਰਕਾਰ ਦੀ ਸ਼ਹਿ 'ਤੇ ਗੁ: ਜਨਮ ਅਸਥਾਨ ਦੇ ਦਰਸ਼ਨ ਕਰਨ ਅਤੇ ਸ਼ਾਂਤਮਈ ਤਰੀਕੇ ਨਾਲ ਗੁਰਦੁਆਰੇ ਨੂੰ ਮਹੰਤ ਦੇ ਪ੍ਰਬੰਧ ਤੋਂ ਮੁਕਤ ਕਰਾਉਣ ਲਈ ਆਏ ਅਕਾਲੀ ਸਿੰਘਾਂ ਦੇ ਜਥੇ ਨੂੰ ਅੰਦਰ ਬੰਦ ਕਰਕੇ ਆਪਣੇ ਮੁੱਲ ਖਰੀਦੇ ਗੁੰਡਿਆਂ ਦੀ ਮਦਦ ਨਾਲ ਕਤਲ ਕਰ ਦਿੱਤਾ। ਕਈ ਸਿੰਘ ਗੋਲੀਆਂ ਨਾਲ ਸ਼ਹੀਦ ਹੋਏ, ਕਈਆਂ ਨੂੰ ਛਵ੍ਹੀਆਂ, ਗੰਡਾਸਿਆਂ ਨਾਲ ਵੱਢ-ਟੁੱਕ ਕੇ ਫੱਟੜ ਕਰਨ ਉਪਰੰਤ ਮਿੱਟੀ ਦਾ ਤੇਲ ਪਾ, ਅੱਗ ਲਾ ਕੇ ਜੰਡ ਨਾਲ ਬੰਨ੍ਹ ਸ਼ਹੀਦ ਕਰ ਦਿੱਤਾ। ਇਸ ਕੁਕਰਮ ਵਿਚ ਅੰਗਰੇਜ਼ ਸਰਕੌਰ ਨੇ ਵੀ ਅਪ੍ਰਤੱਖ ਢੰਗ ਨਾਲ ਮਹੰਤ ਨੂੰ ਸ਼ਹਿ ਦਿੱਤੀ। ਇਹ ਸਾਕਾ ਵੀਹਵੀਂ ਸਦੀ ਦਾ ਭਿਆਨਕ ਖ਼ੂਨੀ ਸਾਕਾ ਮੰਨਿਆ ਜਾਂਦਾ ਹੈ। ਇਸ ਸਾਕੇ ਦੇ ਅਗਲੇ ਦਿਨ ਸਰਕਾਰ ਨੇ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦੀਆਂ ਚਾਬੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਪੁਰਦ ਕੀਤੀਆਂ।

(ਅ) ਗੁਜਰਾਤ ਵਿਚ ਸਿੱਖਾਂ ਤੇ ਅੰਗਰੇਜ਼ਾਂ ਦੀ ਦੂਜੀ ਲੜਾਈ ੧੮੪੯ ਈ. ਵਿਚ ਹੋਈ। ਇਸ ਲੜਾਈ ਵਿਚ ਸਿੱਖਾਂ ਨੂੰ ਹਾਰ ਦਾ ਮੂੰਹ ਤੱਕਣਾ ਪਿਆ ਅਤੇ ਰਾਜਾ ਸ਼ੇਰ ਸਿੰਘ ਤੇ ਸਰਦਾਰ ਚਤਰ ਸਿੰਘ ਨੂੰ ਜਲਾਵਤਨ ਕਰਕੇ ਪੰਜਾਬ ਨੂੰ ਅੰਗਰੇਜ਼ ਰਾਜ ਵਿਚ ਸ਼ਾਮਲ ਕੀਤਾ ਗਿਆ। ਇਹ ਸਿੱਖਾਂ ਤੇ ਅੰਗਰੇਜ਼ਾਂ ਦੀ ਅੰਤਮ ਲੜਾਈ ਸੀ।

(ੲ) ਇਸ ਦਿਹਾੜੇ ਜੈਤੋ ਦੇ ਪਹਿਲੇ ਸ਼ਹੀਦੀ ਜਥੇ ਉਤੇ ਪੁਲਿਸ ਨੇ ਗੋਲੀ ਚਲਾਈ ਅਤੇ ੨੧ ਤੋਂ ਵੱਧ ਸਿੱਖ ਸ਼ਹੀਦ ਹੋਏ। ੭੦੦ ਦੇ ਕਰੀਬ ਸਿੱਖਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬਹੁਤ ਸਾਰੇ ਸਿੱਖ ਜ਼ਖਮੀ ਹੋਏ (੧੯੨੪ ਈ.)।

ਫਰਵਰੀ ੨੭ ਛੇ ਬੱਬਰ ਅਕਾਲੀ ਸਿੰਘਾਂ ਨੂੰ ਲਾਹੌਰ ਸੈਂਟਰਲ ਜੇਲ੍ਹ ਵਿਖੇ ਫਾਂਸੀ ਚਾੜ੍ਹਿਆ ਗਿਆ (੧੯੨੬ ਈ.)।



www.AKJ.Org

# ਗੁਰਮਤਿ ਅਧਿਆਤਮ ਕਰਮ ਫ਼ਿਲਾਸਫ਼ੀ

(ਭ੍ਰਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

(ਲੜੀ ਜੋੜਨ ਲਈ ਸੂਰਾ ਜਨਵਰੀ ੨੦੦੦ ਦਖੋ)

ਜਹਾਂ ਨਾਮੁ ਮਿਲੈ ਤਹ ਜਾਉ ॥ ਗੁਰ ਪਰਸਾਦੀ ਕਰਮ ਕਮਾਉ॥
ਨਾਮੇ ਰਾਤਾ ਹਰਿ ਗੁਣ ਗਾਉ ॥੫॥(੧੦॥੭) (ਆਸਾ ਮ:੧ ਪੰਨਾ ੪੧੪-੧੫)

ਤੱਤ ਪਰਮਾਰਥ ਜਗਿਆਸੂਆਂ ਦੇ ਸਰਬੋਤਮ ਪਾਧੀ ਤਿਥੇ ਹੀ ਜਾਂਦੇ ਹਨ ਅਤੇ ਤਿਥੈ ਜਾਇ ਬਹਿੰਦੇ ਹਨ ਜਿਥੇ ਨਾਮ ਮਿਲਣ ਦੀ ਝਲਕ ਪੈਂਦੀ ਹੈ। ਕੇਵਲ ਗੁਰ ਸੰਗਤਾਂ ਵਿਖੇ ਤਾਂ ਉਹ ਉਤਮ ਮੁਤਲਾਸ਼ੀ "ਤਿਤੁ ਜਾਇ ਬਹਹੁ ਸਤਸੰਗਤੀ ਜਿਥੈ ਹਰਿ ਕਾ ਹਰਿ ਨਾਮ ਬਿਲੋਈਐ" ਗੁਰਵਾਕ ਦੀ ਅਨੁਸਾਰਤਾ ਪਰਾਇਣ ਹੁੰਦੇ ਹੋਏ ਗੁਰੂ ਘਰ ਗੁਰੂ ਨਾਨਕ ਦੇ ਘਰ ਆ ਕੇ ਹੀ ਸੱਚੇ ਨਾਮ ਦੇ ਢੂੰਡਾਊ ਬਣਦੇ ਹਨ। ਵਡੇ ਭਾਗਾ ਕਰਿ ਹੀ ਤਿਨ੍ਹਾ ਨੂੰ ਇਸ ਘਰ ਦੀ ਦੱਸ ਪੈਦੀ ਹੈ ਅਤੇ ਸਚ ਨਾਮੁ ਘਰਾਣੇ ਦੀ ਖਬਰ ਲਗਦੀ ਹੈ। ਤਿਥੈ ਉਹਨਾ ਦੀ ਪੂਰਨ ਅਧਿਕਾਰਤਾ ਦੀ ਪਰਖ ਅਨੁਸਾਰ ਗੁਰ ਪ੍ਰਸਾਦੀ ਨਾਮ ਦੀ ਉਤਮ ਦਾਤਿ ਮਿਲਦੀ ਹੈ। ਗੁਰ ਪ੍ਰਸਾਦੀ ਹੀ ਓਹ ਨਾਮ ਅਭਿਆਸ ਦੀ ਕਮਾਈ ਰੂਪੀ ਸਰਬੋਤਮ ਕਰਮ ਕਮਾਉਣ ਵਿਚ ਆਹਰਤ ਹੁੰਦੇ ਹਨ ਅਤੇ ਇਸ ਆਹਰੇ ਲਗਿਆ ਓਹ ਐਸੇ ਮਾਹਰ ਹੋ ਜਾਂਦੇ ਹਨ ਕਿ ਨਾਮ ਦੇ ਰੰਗਾਂ ਵਿਚ ਵੀ ਰੰਗੇ ਜਾਂਦੇ ਹਨ । ਕਿਉਂਕਿ ਨਾਮ ਦੀ ਖਾਸ ਖਾਸੀਅਤ ਇਹ ਹੈ ਕਿ ਜੋ ਕੋਈ ਉਤਮ ਪਰਮਾਰਥ ਜਗਿਆਸੂ ਨਾਮ ਅਭਿਆਸ ਗੁਰ ਪ੍ਰਸਾਦੀ ਨਾਮ ਦੀਆਂ ਕਮਾਈਆਂ ਕਰਨ ਲੱਗ ਪੈਦਾ ਹੈ, ਉਸ ਉਪਰਿ ਨਾਮ ਦੀ ਪਾਰਸ ਕਲਾ ਵਰਤ ਜਾਦੀ ਹੈ ਤੇ ਉਹ ਨਾਮ ਦੇ ਰੰਗਾ ਵਿਚ ਰੰਗਿਆ ਜਾਦਾ ਹੈ। ਇਸ ਤੋਂ ਭੀ ਅਧਿਕ ਸਰਬੋਤਮਤਾ ਵਾਲੇ ਕਰਮ ਕਰਨ ਦਾ ਪ੍ਰੇਮ ਟੇਵੀ ਸੁਭਾਉ ਉਸ ਦਾ ਇਹ ਹੋ ਜਾਂਦਾ ਹੈ ਕਿ ਉਹ ਨਾਮ ਦੇ ਰੰਗਾ ਵਿਚ ਰੱਤਾ ਹੋਇਆ ਵਾਹਿਗੁਰੂ ਦੇ ਗੁਰਬਾਣੀ ਮਈ ਗੁਣਾਨਵਾਦ ਕਰਨ ਲਗ ਜਾਂਦਾ ਹੈ।ਹਰਿਗੁਣ ਗਾਵਣਾ, ਪ੍ਰੇਮ ਰੰਗਾ ਦੇ ਕੀਰਤਨ ਵਿਚ ਮਹਿਵ ਹੋਣਾ ਉਸ ਦਾ ਸਰਬੋਤਮੀ ਸੁਭਾਵ ਹੋ ਜਾਦਾ ਹੈ। ਕੀਰਤਨ ਰੰਗਾਂ ਵਿਚ ਨਾਮ ਅਭਿਆਸਤਾ ਦੀ ਤੱਤ ਸਰਬੋਤਮੀ ਕਰਮ ਕਮਾਈ, ਹੋਰ ਤੋਂ ਹੋਰ ਅਸਚਰਜ ਰੰਗਾ ਵਿਚ ਹੋਣ ਲੱਗ ਪੈਂਦੀ ਹੈ ਅਤੇ ਅਤਿ ਅਸਚਰਜ ਰੰਗਾ ਵਿਚ ਕੀਰਤਨ ਕਰਨ ਦੀ ਨਦਰ ਮੇਹਰ ਉਸ ਉਤੇ ਨਦਰੀ ਗੁਰੂ ਕਰਤਾਰ ਦੇ ਦਰਬਾਰੋਂ ਨਛਾਵਰ ਹੋ ਜਾਂਦੀ ਹੈ। ਅਜਿਹੇ ਸਰਬੋਤਮ ਕਰਮ ਦੇ ਮੁਕਾਬਲੇ ਹੋਰ ਕਰਮ ਕੀ ਹੈਸੀਅਤ ਰਖਦੇ ਹਨ? ਕੁਛ ਵੀ ਨਹੀਂ।

**ਮਾਈ ਮੇਰੇ ਮਨ ਕੀ ਪ੍ਰੀਤਿ॥ ਏਹੀ ਕਰਮ ਧਰਮ ਜਪ ਏਹੀ ਰਾਮ ਨਾਮ ਨਿਰਮਲ ਹੈਰੀਤਿ॥ਰਹਾਉ॥(੨॥੨॥੨੧)**
(ਟੋਡੀ ਮ:੫ ਪੰਨਾ ੭੧੬)

ਤੱਤ ਭਾਵ:- ਵਾਹਿਗੁਰੂ ਦੇ ਨਾਮ ਦੀ ਪ੍ਰੇਮ ਅਭਿਆਸ ਕਰਮਨੀ ਪ੍ਰੀਤਿ ਆਨ ਸਾਰੇ ਕਰਮਾਂ ਧਰਮਾ ਨਾਲੋਂ ਉਤਮ ਕਰਮ ਰੀਤੀ ਹੈ। ਜੋ ਇਸ ਉਤਮ ਕਰਮ ਰੀਤੀ ਵਾਲੇ ਪ੍ਰੇਮ ਗੀਧੇ ਨਾਮ ਅਭਿਆਸ ਵਿਚਿ ਲਗ ਗਏ ਹਨ, ਉਹਨਾ ਨੂੰ ਹੋਰ ਕਰਮ ਕਰਨਾ ਕੁਝ ਸੁਝਦਾ ਹੀ ਨਹੀ। ਨਾਹੀ ਉਹਨਾ ਨੂੰ ਹੋਰ ਆਨਮਤਿ ਕਰਮ ਕਰਨ ਦੀ ਲੋੜ ਹੈ।ਓਹਨਾ ਲਈ ਤਾ ਗੁਰਮਤਿ ਨਾਮ ਦਾ ਅਭਿਆਸ ਕਰੀ ਜਾਣਾ ਹੀ ਅੱਤ ਨਿਰਮਲ ਅੱਤ ਉਤਮ ਕਰਮ ਰੀਤ ਹੈ।ਬਸ ਏਹੀ ਗੁਰਮਤਿ ਨਾਮ ਅਭਿਆਸ ਹੀ ਓਹਨਾਂ ਦਾ ਸਰਬੋਤਮ ਕਰਮੁ ਹੈ ਤੇ ਏਹੀ ਤਪ ਹੈ। ਤੱਤ ਸਰਬੋਤਮਤਾ ਤਿਨ੍ਹਾ ਨੇ ਗੁਰਮਤਿ ਨਾਮ ਅਭਿਆਸ ਕਰਮ ਅੰਦਰਿ ਹੀ ਲਿਖੀ ਹੈ।ਅਤੇ ਹੈ ਭੀ ਇਹੀ ਅਸਲੀਅਤ।

**ਊਠਤ ਬੈਠਤ ਜਪਉ ਨਾਮੁ ਇਹੁ ਕਰਮੁ ਕਮਾਵਉ॥੪॥੨੧॥੫੧॥** (ਬਿਲਾਵਲੁ ਮ:੫ ਪੰਨਾ ੮੧੩)

ਕਰਮਾ ਸਿਰਿ ਕਰਮੁ ਸਰਬੋਤਮ ਕਰਮੁ ਇਹੀ ਹੈ ਕਿ ਉਠਦਿਆ ਬਹਿੰਦਿਆ ਨਾਮ ਹੀ ਜਪੀ ਜਾਈਏ। ਗੁਰਮਤਿ ਅੰਦਰਿ ਏਦੂੰ ਉਪਰਿ ਅਤੇ ਏਦੂੰ ਸ੍ਰੇਸ਼ਟ ਹੋਰ ਕੋਈ ਕਰਮ ਨਹੀਂ।

**ਸਾਚੀ ਕੀਰਤਿ ਸਾਚੀ ਬਾਣੀ॥ ਹੋਰ ਨ ਦੀਸੈ ਬੇਦ ਪੁਰਾਣੀ॥**



www.AKJ.Org

ਪੂੰਜੀ ਸਾਚੁ ਸਚੇ ਗੁਣ ਗਾਵਾ ਮੈ ਧਰ ਹੋਰ ਨ ਕਾਈ ਹੇ॥੧੫॥

(੧੬॥੨) (ਮਾਰੂ ਮ: ੧ ਪੰਨਾ ੧੦੨੨

ਵਿਆਖਿਆ:- ਸੱਚੀ ਕੀਰਤਿ ਰੂਪੀ ਸਿਫਤਿ ਸਾਲਾਹ ਗੁਰਬਾਣੀ ਅੰਦਰਿ ਹੀ ਵਿਦਮਾਨ ਹੈ। ਹੋਰ ਕਿਤੇ ਵੀ ਇਹ ਨਹੀਂ ਦਿਸਦੀ ਨਾ ਬੇਦਾਂ ਵਿੱਚ ਨਾਂ ਪੁਰਾਣਾਂ ਵਿੱਚ ਨਾ ਹੋਰ ਮਤ ਮਤਾਣਾ ਵਿੱਚ। ਇਹ ਗੁਰਬਾਣੀ ਹੀ ਨਾਮ ਸਿਫਤਿ ਸਾਲਾਹ ਦੀ ਸੱਚੀ ਪੂੰਜੀ ਹੈ। ਨਾਮ ਹੀ ਸਾਚੁ ਸਤਿ ਪਦਾਰਥ ਹੈ।ਤਾਂਤੇ ਸਮੱਗਰੀ ਗੁਰਬਾਣੀ ਅੰਦਰਿ ਗੁਰਮਤਿ ਵਿਦਤਾਏ ਕਰਮ ਦੇ ਤੁੱਲ ਹੋਰ ਕੋਈ ਕਰਮ ਨਹੀਂ। ਗੁਰਸਿੱਖਾ ਗੁਰਮਤਿ ਕਰਮ ਧਰਮੀਆ ਦਾ ਤਾ ਆਸਰਾ ਹੀ ਸਿਫਤਿ ਸਾਲਾਹ ਹਰਿਕੀਰਤਨ ਹੈ ਜੋ ਕੇਵਲ ਗੁਰਬਾਣੀ ਅੰਦਰਿ ਹੀ ਦਰਸਾਇਆ ਗਿਆ ਹੈ।

ਰਾਜੇ ਧਰਮੁ ਕਰਹਿ ਪਰਥਾਏ॥ ਆਸਾ ਬੰਧੇ ਦਾਨੁ ਕਰਾਏ॥
ਰਾਮ ਨਾਮ ਬਿਨੁ ਮੁਕਤਿ ਨ ਹੋਈ ਥਾਕੇ ਕਰਮ ਕਮਾਈ ਹੇ॥੯॥
ਕਰਮ ਧਰਮ ਕਰਿ ਮੁਕਤਿ ਮੰਗਾਹੀ॥ ਮੁਕਤਿ ਪਦਾਰਥੁ ਸਬਦਿ ਸਲਾਹੀ॥
ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ।੧੦॥
ਮਾਇਆ ਮਮਤਾ ਛੋਡੀ ਨ ਜਾਈ॥ਸੇ ਛੂਟੇ ਸਚੁ ਕਾਰ ਕਮਾਈ॥
ਅਹਿਨਿਸਿ ਭਗਤਿ ਰਤੇ ਵੀਚਾਰੀ ਠਾਕੁਰ ਸਿਉ ਬਣਿ ਆਈ ਹੇ॥੧੧॥
ਇਕਿ ਜਪ ਤਪ ਕਰਿ ਕਰਿ ਤੀਰਥ ਨਾਵਹਿ॥
ਜਿਉ ਤੁਧੁ ਭਾਵੈ ਤਿਵੈ ਚਲਾਵਹਿ॥
ਹਠਿ ਨਿਗ੍ਰਹਿ ਅਪਤੀਜੁ ਨ ਭੀਜੈ ਬਿਨੁ ਹਰਿ ਗੁਰ ਕਿਨਿ ਪਤਿ ਪਾਈ ਹੇ॥

੧੨॥(੧੬॥੪)(ਮਾਰੂ ਮ:੧ ਪੰਨਾ ੧੦੨੪

ਵਿਆਖਿਆ:- ਗੁਰਮਤੋਂ ਹੀਣੇ ਆਨਮਤੀ ਕਰਮ ਕਾਂਡ ਅਹੰਮਤੀ ਰਾਜੇ ਧਰਮ ਤਾ ਕਰਦੇ ਹਨ ਪਰ ਸੁਆਰਥ ਹਿਤ ਆਪਣੀ ਕਿਸੇ ਗਰਜ਼ ਨੂੰ ਮੁਖ ਰੱਖ ਕੇ ਮਨੋਰਥ ਮਈ ਤ੍ਰਿਸ਼ਨਾ ਨੂੰ ਮੁਖ ਰੱਖ ਕੇ ਦਾਨ ਕਰਦੇ ਹਨ ਕਿ ਦਿਤੇ ਦਾਨ ਦੇ ਬਦਲੇ ਬਹੁਤਾ ਕੁਛ ਹੋਰ ਮਿਲੇ। ਤਿਹਨਾਂ ਨੂੰ ਸੱਚੜਾ ਮੁਕਤਿ ਪਦਾਰਥ ਕਦੇ ਨਹੀ ਮਿਲਦਾ ਏਹਨਾ ਆਨਮਤਿ ਕਰਮਾ ਦੇ ਕੀਤਿਆ ਮੁਕਤੀ ਨਹੀ ਮਿਲਦੀ ਮੁਕਤੀ ਮਿਲਦੀ ਹੈ ਤਾਂ ਗੁਰਮਤਿ ਨਾਮ ਦੀ ਅਭਿਆਸ ਕਮਾਈ ਕੀਤਿਆ ਮਿਲਦੀ ਹੈ। ਨਾਮ ਅਭਿਆਸ ਦੇ ਸਰਬੋਤਮ ਕਰਮ ਬਿਨਾ ਮੁਕਤੀ ਪ੍ਰਾਪਤ ਨਹੀ ਹੁੰਦੇ ਆਨਮਤ ਕਰਮ ਕਰਨ ਵਾਲੇ। ਅਜਿਹੇ ਆਨਮਤ ਕਰਮ ਕਰਨ ਵਾਲੇ ਬਥੇਰੇ ਕਰਮ ਕਰਿ ਕਰਿ ਥਕਿ ਹਾਰੇ ਹਨ। ਆਨਮਤੀ ਲੋਗ ਆਨਮਤ ਪਰਪੰਚ ਕਰਮ ਧਰਮ ਕਰਦੇ ਹਨ ਅਤੇ ਮੁਕਤੀ ਦੀ ਮੰਗ ਕਰਦੇ ਹਨ। ਇਉ ਏਹਨਾ ਆਨਮਤਿ ਕਰਮਾਂ ਧਰਮਾਂ ਵਾਲੇ ਮੰਗਤਿਆਂ ਨੂੰ ਕਦੇ ਮੁਕਤੀ ਨਹੀ ਮਿਲਦੀ। ਮੁਕਤੀ ਮਈ ਪਦਾਰਥ ਹੀ ਸਿਫਤਿ ਸਾਲਾਹ ਰੂਪੀ ਸ਼ਬਦ ਕਮਾਈ ਕੀਤਿਆ ਮਿਲਦਾ ਹੈ। ਗੁਰ ਸ਼ਬਦ ਦੀ ਕਮਾਈ ਕੀਤੇ ਬਿਨਾਂ ਮੁਕਤੀ ਕਦੰਤ ਨਹੀ ਮਿਲਦੀ। ਐਵੇ ਭੂਲੀ ਲੁਕਾਈ ਪਰਪੰਚ ਕਰਮ ਕਰਿ ਕਰਿ ਭ੍ਰਮਿ ਭੁਲਾਈ ਫਿਰਦੀ ਹੈ. ਏਹਨਾ ਆਨਮਤੀ ਪਰਪੰਚ ਕਰਮ ਕਰਨਹਾਰਿਆ ਤੋਂ ਮਾਇਆ ਮਮਤਾ ਛੱਡੀ ਨਹੀ ਜਾਂਦੀ।ਓਹ ਛੱਡਦੇ ਹਨ ਤਾ ਮਾਇਆ ਮਮਤਾ ਉਹਨਾਂ ਨੂੰ ਨਹੀ ਛੱਡਦੀ। ਇਸ ਤੋਂ ਉਹੀ ਛੁਟਦੇ ਹਨ.ਉਹੀ ਛੁਟ ਸਕਦੇ ਹਨ ਜਿਨ੍ਹਾ ਨੇ ਸਬਦ ਸਾਲਾਹ ਰੂਪੀ ਸਚੁ ਨੂੰ ਕਮਾਇਆ ਕਰਮਾਇਆ ਹੈ। ਨਾਮ ਅਭਿਆਸ ਕਮਾਈ ਨੂੰ ਹੀ ਆਪਣੇ ਆਦਰਸ਼ ਬਣਾ ਕੇ ਕਮਾਇਆ ਹੈ। ਤਿਨ੍ਹਾਂ ਨੇ ਹੀ ਮਾਇਆ ਮਮਤਾ ਤੋਂ ਛੁਟਕਾਰਾ ਪਾਇਆ ਹੈ। ਅਜਿਹੀਆ ਲਗਾਤਾਰ ਦਿਨ ਰੈਣੀ ਅਭਿਆਸ ਕਮਾਈਆਂ ਕਰਨ ਵਾਲੇ ਹੀ ਸੱਚੇ ਸਬਦ ਵੀਚਾਰੀ ਨਾਮ ਅਹਾਰੀ ਨਾਮ ਕਰਮਾਰੀ ਹਨ। ਐਸੇ ਨਾਮ ਨਿਰੰਕਾਰੀ ਵੀਚਾਰੀ ਅਭਿਆਸਚਾਰੀ ਜਨ ਅਹਿਨਿਸਿ ਨਾਮ ਰੰਗਾਂ ਵਿਚਿ ਰੱਤੇ ਹੀ ਰਹਿੰਦੇ ਹਨ। ਤਿਨ੍ਹਾ ਨਾਮ ਰੰਗੀਸ਼ਰਾਂ ਸਚੁ ਕਰਮ ਕਰਮੀਸ਼ਰਾਂ ਦੀ ਨਾਮੀ ਅਕਾਲ ਪੁਰਖ ਨਾਲਿ ਸਦ ਸਦੀਵੀ ਲਿਵ ਮਿਲੰਣੀ ਪ੍ਰੀਤਿ ਬਣਿ ਆਈ ਹੈ ਇਕ ਐਸੇ ਭੀ ਅਭਾਗੇ ਪੁਰਸ਼ ਹਨ ਇਕ ਕੀ ਅਨੇਕਾਂ ਐਸੇ ਭਾਗਹੀਣ ਪੁਰਸ਼ ਹਨ ਜੋ ਆਨਮਤੀ ਤੀਰਥ ਜਪ ਤਪ ਆਦਿ ਸੰਜਮੀ ਆਨਮਤ ਕਰਮਾ ਨੂੰ ਕਰਿ ਕਰਿ ਖਪਿ ਖਪਿ ਮਰਿ ਰਹੇ ਹਨ। ਉਹਨਾ ਦੇ ਕਰਮਾ ਵਿਚ ਹੀ ਇਹ ਮੰਦ ਭਾਗ ਲਿਖਿਆ ਹੋਇਆ ਹੈ ਜਿਸ ਕਰਕੇ


www.AKJ.Org

ਜਿਵੇਂ ਲੇਖ ਕਰਮ ਬਿਧਾਤੇ ਕਰਤਾਰ ਨੂੰ ਭਾਉਂਦਾ ਹੈ ਤਿਵੇਂ ਹੀ ਉਹ ਕਾਰ ਕਮਾਉਦੇ ਹਨ। ਪਰਪੰਚੀਆ ਹਠਕਰਮੀਆ ਦੇ ਬਾਹਰ ਦੇ ਦਿਖਾਵੇ ਦੇ ਕਰਮਾਂ ਤੋਂ ਜਪਾ ਤਪਾ ਨਾਲ ਕਦੇ ਨਾ ਪਤੀਜਣ ਵਾਲਾ ਅੰਤਰਯਾਮੀ ਪੁਰਖ ਬਿਧਾਤਾ ਨਹੀ ਪਤੀਆਇਆ ਜਾ ਸਕਦਾ। ਨਾਹੀ ਭਿਜਦਾ ਪਤੀਜਦਾ ਹੈ। ਹਠ ਜੋਗ ਨਾਲ ਇੰਦਰਿਆ ਦਾ ਨਿਰੋਧ ਕਰਨਾ ਉਕਾ ਹੀ ਗੁਰਮਤਿ ਪ੍ਰਤਿਕੂਲ ਕਰਮ ਹੈ। ਗੁਰੂ ਦੁਆਰਾ ਸੱਚੇ ਸਤਿਗੁਰੂ ਦੁਆਰਾ ਵਾਹਿਗੁਰੂ ਨਾਮ ਦੀ ਪ੍ਰਾਪਤੀ ਹੋਵੇ.ਫੇਰ ਇਸ ਗੁਰਮਤਿ ਨਾਮ ਦੀ ਕਮਾਈ ਕੀਤੀ ਜਾਵੇ ਤਾਂ ਘਾਲ ਥਾਇ ਪੈਂਦੀ ਹੈ ਤਾ ਪਤਿ ਸੋਭਾ ਦਾ ਧੁਰ ਦਰਗਾਹੀ ਸਿਰੋਪਾਉ ਮਿਲਦਾ ਹੈ, ਐਵੇਂ ਨਹੀ । ਨਿਗੁਰਿਆ ਕਰਮ ਕਾਡੀਆ ਨੂੰ ਪਤਿ ਸੋਭਾ ਕਿਥਾਊਂ ਨਹੀਂ ਮਿਲਦੀ। ਗੁਰਮਤਿ ਨਾਮ ਦੇ ਉਤਮ ਕਰਮਾਚਾਰੀਆ ਨੂੰ ਹੀ ਇਹ ਬਿਸੇਖਤਾ ਮਿਲਦੀ ਹੈ। ਇਹ ਤੱਤ ਗੁਰਮਤਿ ਸਾਰ• ਕਰਮ ਵਿਲੱਖਣਤਾ ਦਾ ਕਾਰਨਾਮਾ ਹੈ।

ਹਰਿ ਹਰਿ ਨਾਮੁ ਜਪਹੁ ਰਸੁ ਮੀਠਾ॥ ਗੁਰਮੁਖਿ ਹਰਿ ਰਸੁ ਅੰਤਰਿ ਡੀਠਾ॥
ਅਹਿਨਿਸਿ ਰਾਮ ਰਹਹੁ ਰੰਗਿ ਰਾਤੇ ਏਹੁ ਜਪੁ ਤਪੁ ਸੰਜਮੁ ਸਾਰਾ ਹੇ॥੩॥

(੧੭॥੪॥੧੦) (ਮਾਰੂ ਮ:੧ ਪੰਨਾ ੧੦੩੦)

ਵਿਆਖਿਆ:- ਗੁਰਮਤਿ ਨਾਮ ਦਾ ਜਾਪੁ ਆਪਣੀ ਪਾਰਸ ਕਲਾ ਸੇਤੀ ਇਕ ਅੱਤ ਰਸ ਮੀਠਾ ਅਮਿਉ ਮਿਠਾਸ ਉਦੀਪਤ ਕਰਦਾ ਹੈ।ਗੁਰਮੁਖਾ ਨੇ ਇਸ ਅਮਿਉ ਰਸ ਨੂੰ ਅੰਤਰ ਆਤਮੇ ਰਸੀਪਤ ਮਿਸ਼ਰੀਪਤ ਹੋਇਆ ਅਜ਼ਮਾਇਆ ਹੈ, ਇਸ ਅੰਮ੍ਰਿਤ ਸੁਆਦ ਦੀ ਰਸ ਮਿਠਾਸ ਅੰਤਰਿ ਆਤਮੇ ਮਾਣੀ ਹੈ।ਐਸੇ ਅੰਮ੍ਰਿਤ ਰਸ ਮਿਠਾਸ ਵਾਲੇ ਨਾਮ ਨੂੰ ਦਿਨ ਰਾਤ ਰੰਗਾਂ ਵਿਚਿ ਰਟਣਾ ਹੀ ਸਾਰ ਜਪ ਸਾਰ, ਤਪ ਅਤੇ ਸਾਰ ਸੰਜਮ ਕਰਮ ਕਮਾਈ ਹੈ। ਏਦੂੰ ਸਰਬੋਤਮ ਕਰਮ ਹੋਰ ਕੋਈ ਨਹੀ। ਗੁਰਮਤਿ ਨਾਮ ਅਭਿਆਸ ਕਮਾਈ ਰੂਪੀ ਕਰਮ ਦੀ ਇਹੀ ਵਿਸ਼ੇਸ਼ ਵਿਲੱਖਣਤਾ ਹੈ।

ਸਿਮ੍ਰਿਤਿ ਸਾਸਤ੍ਰ ਪੜਹਿ ਪੁਰਾਣਾ॥ਵਾਦੁ ਵਖਾਣਹਿ ਤਤੁ ਨ ਜਾਣਾ॥
ਵਿਣੁ ਗੁਰ ਪੂਰੇ ਤਤੁ ਨ ਪਾਈਐ ਸਚ ਸੂਚੇ ਸਚੁ ਰਾਹਾ ਹੇ॥੪॥

(੧੬॥੬॥੧੨) ਮਾਰੂ ਮ:੧, ਪੰਨਾ ੧੦੩੨

ਵਿਆਖਿਆ- ਆਨਮਤ ਅਵਲੰਬੀ ਲੋਕ ਸਿਮ੍ਰਿਤੀਆ ਸ਼ਾਸਤਰਾਂ ਅਤੇ ਪੁਰਾਣਾਂ ਨੂੰ ਪੜ੍ਹਦੇ ਹਨ,ਪਰ ਪੜ੍ਹਿ ਪੜ੍ਹਿ ਐਂਵ ਟੱਕਰਾ ਹੀ ਮਾਰਦੇ ਹਨ ਕਿਉਕਿ ਇਹਨਾ ਵਿਚ ਧਰਿਆ ਕੁਛ ਨਹੀ ਪਿਆ, ਕਿਉਕਿ ਏਹਨਾ ਆਨਮਤ ਧਰਮ ਪੁਸਤਕਾ ਅੰਦਰਿ ਵਾਦਾ ਦਾ ਹੀ ਵਖਿਆਨ ਬਿਆਨ ਭਰਿਆ ਪਿਆ ਹੈ। ਇਹ ਸਿਮ੍ਰਿਤ ਸ਼ਾਸਤਰ ਪੁਰਾਣ ਵਾਦੁ ਹੀ ਵਖਾਣਦੇ ਹਨ। ਏਹਨਾ ਨੂੰ ਪੜ੍ਹਨਹਾਰੇ ਭੀ ਬਾਦ ਬਿਵਾਦ ਦੀ ਚਰਚਾ ਕਰਨੀ ਹੀ ਸਿਖਦੇ ਹਨ। ਤੱਤ ਇਹਨਾ ਦੇ ਪੱਲੇ ਨਹੀ ਪੈਂਦਾ।ਪੱਲੇ ਤਾਂ ਤਦ ਪਏ ਜੇ ਇਹਨਾ ਪੁਸਤਕਾ ਅੰਦਰ ਹੀ ਤੱਤ ਵਖਾਨਿਆ ਹੋਇਆ ਹੋਵੇ। ਇਹ ਆਨਮਤ ਧਰਮ ਪੁਸਤਕ ਤਾ ਤੱਤ ਵਸਤੂ ਦਾ ਸਾਰ ਨਹੀ ਜਾਣਦੇ। ਇਹ ਤੱਤ ਪਦਾਰਥ ਤਾ ਕੇਵਲ ਗੁਰਮਤਿ ਅੰਦਰ ਹੀ ਹੈ ਅਤੇ ਗੁਰੂ ਬਾਝਹੁ ਨਹੀਂ ਜਾਣਿਆ ਜਾਂਦਾ। ਗੁਰੂ ਪੂਰੇ ਬਾਝਹੁ ਤੱਤ ਪਾਇਆ ਹੀ ਨਹੀ ਜਾ ਜਾਂਦਾ। ਪਾਇਆ ਜਾਂਦਾ ਹੈ ਤਾਂ ਪੂਰੇ ਗੁਰੂ ਦੇ ਸਿੱਖ ਬਣ ਕੇ ਸਚਿਆਰ ਸਿਖ ਬਣ ਕੇ ਪਾਇਆ ਜਾਂਦਾ ਹੈ। ਇਹ ਤੱਤ ਸਾਰ ਵਸਤੂ ਨਾਮ ਪਦਾਰਥ ਹੈ। ਇਸ ਨਾਮ ਰੂਪੀ ਸੱਚ ਦਾ ਮਾਰਗ ਸੱਚੇ ਸੁੱਚੇ ਗੁਰਸਿਖਾ ਦੇ ਚਲਣ ਗੋਚਰਾ ਹੀ ਹੈ। ਜਣਾ ਖਣਾ ਇਸ ਖੰਡੇਧਾਰ ਮਾਰਗ ਉਤੇ ਨਹੀ ਚਲ ਸਕਦਾ।

ਬੇਦ ਪੜਹਿ ਪੜਿ ਬਾਦੁ ਵਖਾਣਹਿ॥
ਘਟ ਮਹਿ ਬ੍ਰਹਮੁ ਤਿਸੁ ਸਬਦਿ ਨ ਪਛਾਣਹਿ॥
ਗੁਰਮੁਖਿ ਹੋਵੈ ਸੁ ਤਤੁ ਬਿਲੋਵੈ ਰਸਨਾ ਹਰਿ ਰਸੁ ਤਾਹਾ ਹੇ॥੧੧॥

(੧੬॥੫॥੧੪) ਮਾਰੂ ਮ:੩ ਪੰਨਾ੧੦੫੮

ਵਿਆਖਿਆ:- ਜਿਹੜੇ ਪੁਰਸ਼ ਬੇਦ ਪੜ੍ਹਦੇ ਹਨ ਉਹ ਪੜ੍ਹ ਕੇ ਬਾਦ ਹੀ ਵਖਾਣਦੇ ਹਨ ਕਿਉਕਿ ਬੇਦਾਂ ਵਿੱਚ ਬਾਦਾ ਬਿਵਾਦਾ ਮਈ ਤ੍ਰੈਗੁਣੀ ਪੜ੍ਹਾਈ ਭਸ ਭਰੀ ਹੋਈ ਹੈ। ਉਸ ਦੇ ਪੜ੍ਹਾਕੂਆ ਦੇ ਪੱਲੇ ਭੱਸ ਹੀ ਪੈਣੀ ਹੈ। ਬੇਦਾ ਅੰਦਰਿ ਤੁਰੀ ਗੁਣੀ ਬ੍ਰਹਮ ਵਿਦਿਆ ਦਾ ਮੁਸ਼ਕ ਭੀ ਨਹੀ । ਐਵੇ ਬੇਦਾਂ ਦੇ ਬਾਦ ਪਕਸ਼ੀ ਤਿੜੇ



www.AKJ.Org

ਹੋਏ ਲੋਕ ਤੜ੍ਹਾਂ ਮਾਰਦੇ ਹਨ ਕਿ ਬੇਦਾ ਵਿਚ ਪਰਮਾਰਥੀ ਪਦਾਰਥ ਵਾਲੀ ਬ੍ਰਹਮ ਵਿਦਿਆ ਭੀ ਹੈ।ਖੋਜੀ ਲੋਗ ਜੋ ਬੇਦ ਏਸੇ ਨਮਿਤ ਪੜ੍ਹਦੇ ਹਨ ਬ੍ਰਹਮ ਮੁਦਲਾਸ਼ੀ ਹੋ ਕੇ ਉਹਨਾਂ ਨੂੰ ਬੇਦਾ ਅੰਦਰ ਬ੍ਰਹਮ ਵਿਦਿਆ ਪਰਮਾਤਮਾ ਨੂੰ ਪਾਉਣ ਵਾਲੀ ਅਧਿਆਤਮ ਵਿਦਿਆ ਉਕੀ ਹੀ ਨਹੀ ਲੱਭਦੀ। ਵਾਦ ਵਖਿਆਨੀ ਬਿਆਨ ਹੀ ਬੇਦਾਂ ਵਿਚ ਮਿਲਦੇ ਹਨ। ਬ੍ਰਹਮ ਤਾ ਘਟ ਅੰਦਰਿ ਹੈ ਜੋ ਕੇਵਲ ਗੁਰਸਬਦ ਦੁਆਰਾ ਹੀ ਲਖਿਆ ਪਛਾਣਿਆ ਜਾਦਾ ਹੈ। ਮੂਰਖ ਵੇਦ ਅਭਿਆਸੀ ਲੋਗ ਗੁਰਸਬਦ ਵਾਲੇ ਗੁਰਮਤਿ ਮਰਗ ਤੇ ਤਾਂ ਚਲਦੇ ਨਹੀਂ ਅਤੇ ਗੁਰਮਤਿ ਮਾਰਗ ਤੇ ਚਲ ਕੇ ਗੁਰੂ ਸਬਦ ਦੀ ਕਮਾਈ ਕਰਦੇ ਨਹੀ। ਉਹਨਾ ਨੂੰ ਬ੍ਰਹਮ ਕਿਵੇਂ ਮਿਲ ਸਕਦਾ ਹੈ? ਬ੍ਰਹਮ ਦੀ ਪ੍ਰਾਪਤੀ ਹੁੰਦੀ ਹੈ ਤਾਂ ਗੁਰ ਸਬਦ ਦੁਆਰਾ ਘਟ ਅੰਤਰਿ ਹੀ ਹੋ ਜਾਂਦੀ ਹੈ। ਉਸ ਘਟਿ ਅੰਤਰਿ ਗੁਰ ਸਬਦ ਦੁਆਰਾ ਪਛਾਣੇ ਜਾਣ ਵਾਲੇ ਬ੍ਰਹਮ ਨੂੰ ਭੁਲੀ ਬੇਦ ਪੜ੍ਹਈਆ ਮੁਠੀ ਲੁਕਾਈ ਬੇਦਾ ਨੂੰ ਪੜ੍ਹ ਪੜ੍ਹ ਕੇ ਲੱਭਿਆ ਲੋੜਦੀ ਹੈ। ਬ੍ਰਹਮ ਲੱਭਤਾ ਦੀ ਪੜ੍ਹਾਈ ਵਾਲਾ ਇਲਮ ਗੁਰਸ਼ਬਦ ਕਮਾਈ ਵਿਚ ਹੀ ਮਹਿਫੂਜ਼ ਅਤੇ ਭਰਪੂਰ ਹੈ। ਗੁਰਸ਼ਬਦ ਦੇ ਤਾ ਉਹ ਰਾਹ ਹੀ ਨਹੀਂ ਪੈਂਦੇ। ਉਹਨਾ ਨੂੰ ਪ੍ਰਾਪਤੀ ਕਿਵੇ ਹੋਵੇ। ਤਿਨਾ ਅਭਾਗਿਆ ਨੂੰ ਗੁਰਸਬਦ ਵਾਲਾ ਗੁਰਮਤਿ ਮਾਰਗ ਨਸੀਬ ਹੀ ਨਹੀਂ ਹੁੰਦਾ। ਏਹ ਤਾ ਸੁਭਾਗੇ ਗੁਰਮੁਖਾਂ ਨੇ ਹੀ ਗੁਰਮਤਿ ਮਾਰਗ ਨੂੰ ਪਾਇਆ. ਜਿਨਾ ਨੇ ਗੁਰਸਬਦ ਰੂਪੀ ਤੱਤ ਬਿਲੋ ਕੇ ਘਟ ਅੰਦਰੋ ਹੀ ਬ੍ਰਹਮ ਨੂੰ ਲੱਭ ਲਿਆ ਹੈ। ਗੁਰੂ ਘਰ ਦੇ ਗੁਰਮੁਖਿ ਨਾਮ ਅਭਿਆਸੀ ਅਭਿਆਸ ਕਮਾਈਆ ਵਾਲੇ ਨਾਮ ਅਭਿਆਸ ਦਾ ਖੰਡਾ ਖੜਕਾ ਖੜਕਾ ਨਾਮ ਜਾਪ ਦਾ ਬਿਲੋਵਨਾ ਬਿਲੋਇ ਬਿਲੋਇ ਕੈ ਸਬਦ ਦੀ ਗੁਰਾਟ ਦੁਆਰਾ ਰਸਨਾ ਉਤੇ ਤੱਤ ਅੰਮ੍ਰਿਤ ਰਸ ਨੂੰ ਜੋਤਾਇ ਲੈਂਦੇ ਹਨ। ਤਿਨਾ ਦੀ ਰਸਨਾ ਦੁਆਰਾ ਰਸ ਜੋਤਿ ਅੰਮ੍ਰਿਤ ਦੇ ਫੁਹਾਰੇ ਹੀ ਸਫੁਟ ਹੋਇ ਹੋਇ ਨਿਕਸਦੇ ਹਨ।ਇਹ ਤੱਤ ਗੁਰਮਤਿ ਕਰਮ ਦੀ ਵਿਸ਼ੇਸ਼ਤਾ ਹੈ ਜੋ ਸਭ ਆਨ ਕਰਮਾ ਤੋਂ ਸਰਬੋਤਮ ਅਤੇ ਵਿਲੱਖਣ ਹੈ। ਇਹੀ ਅਲੌਕਿਕਤਾ ਹੈ। (ਚਲਦਾ)

## ਕਲਯੁੱਗ ਦਾ ਪਸਾਰਾ

(ਗੁਰਭੇਜ ਸਿੰਘ 'ਬਾਦਸਾਹਪੁਰੀ')

ਐਨੀ ਗਈ ਗੁਜਰੀ ਸਭ ਲੋਕਾਈ ਹੋ ਗਈ, ਘਰੀ ਬੈਠ ਬਾਣੀ ਸੁਣਨ ਦੇ ਆਦੀ ਹੋ ਚੁੱਕੇ।
ਸੰਗਤ ਕਰਨੀ ਨਾ ਰਿਹਾ ਸਾਡਾ ਧਰਮ ਹੁਣ, ਨਘੋਚਾਂ ਕਰਨ ਦੇ ਹਾ ਅਸੀਂ ਆਦੀ ਹੋ ਚੁੱਕੇ।
ਨਾ ਗੁਰੂ ਦਰਸ਼ਨ ਕਰਨਾ ਤੇ ਨਾ ਮੁੱਖਵਾਕ ਲੈਣਾ, ਸਿੱਖ ਹੁੰਦੇ ਹੋਏ ਵੀ ਮਨੂੰ ਵਾਦੀ ਹੋ ਚੁੱਕੇ।
ਨੇਹੁ ਨਾਲ ਗੁਰਬਾਣੀ ਨਾ ਰਿਹਾ ਸਾਡਾ, ਗੁਰੂ ਘਰ ਦੇ ਅਸੀਂ ਅਪਰਾਧੀ ਹੋ ਚੁੱਕੇ॥੧॥
ਗੁਰੂ ਘਰਾਂ 'ਚ ਸਪੀਕਰਾ ਸ਼ਰ ਪਾਇਆ, ਵੱਧ ਚੜ ਭਾਈ ਬਾਣੀ ਅਲਾਪਦੇ ਨੇ।
ਸ਼ੁੱਧ ਬਾਣੀ ਪੜੇ ਕੋਈ ਟਾਵਾ ਟਾਵਾ, ਸਭੇ ਡੰਗ ਟਪਾਊ ਕੰਮ ਕਰਨ ਇੰਝ ਜਾਪਦੇ ਨੇ।
ਮਿੱਠੀ ਰਸਨਾ ਨਾਲ ਨਾ ਕੋਈ ਕਰੇ ਕੀਰਤਨ ਨਾਲ ਮਾਇਆ ਦੇ ਅਸੂਲਾ ਨੂੰ ਮਾਪਦੇ ਨੇ।
ਨਿਤਨੇਮ ਤੇ ਰਹਿਰਾਸ ਨਾ ਕੋਈ ਕਰੇ ਪੂਰਨ, ਜਿਵੇਂ ਦਿਲ ਚਾਹਿਆ ਤੇਵੇਂ ਪੜਨ ਬਾਣੀ
ਇੱਕ ਧਾਗਾ ਟੁੱਟੇ ਤਾਂ ਗੰਢ ਦੇਈਏ, ਇੱਥੇ ਹੁਣ ਉਲਝ ਗਈ ਏ ਸਭ ਤਾਣੀ॥੨॥
ਕੈਸਾ ਕਲਯੁੱਗ ਨੇ ਹੈ ਚਮਤਕਾਰ ਕੀਤਾ, ਗੁਰੂ ਘਰ ਵੱਲ ਨਾ ਦਿਲੋਂ ਕੋਈ ਮੂੰਹ ਕਰਦਾ।
ਗ੍ਰਹਿਸਥ ਵਿੱਚ ਹੋ ਕੇ ਇਹ ਗੁਲਤਾਨ ਬੰਦਾ, ਚੱਤੋ ਪਹਿਰ ਦੇਖੇ ਫਿਰੇ ਢਹ ਢਹ ਕਰਦਾ।
ਡਰੋ ਰੱਬ ਤੋਂ, ਕਰੋ ਯਾਦ ਵਿਰਸਾ, ਬਾਬੇ ਨਾਨਕ ਦੇ ਪੂਰਨਿਆਂ ਤੇ ਤੁਰੋ ਭਾਈ।
ਨਾਮ ਜਪਣਾ ਵੰਡ ਕੇ ਹੈ ਛਕਣਾ, ਮਾੜੇ ਰਾਹਾ ਤੋਂ ਪਿਛੇ ਮੁੜੋ ਭਾਈ॥੩॥
ਲੱਖ ਚੁਰਾਸੀ ਜੂਨ ਭੋਗ ਮਿਲੀ ਮਨੁੱਖਾ ਦੇਹੀ, ਆਉ ਇਸਦਾ ਮੁੱਲ ਆਪਾ ਪਾ ਲਈਏ।
ਦਸਾ ਨੋਹਾ ਦੀ ਕਿਰਤ ਤੇ ਨਾਮ ਜਪਕੇ, ਆਪਾਂ ਨਰਕ ਨੂੰ ਸੁਰਗ ਬਣਾ ਲਈਏ।
ਬਾਣੀ ਪੜਕੇ ਤੇ ਸਤ ਸੰਗਤ ਕਰਕੇ, ਮਨੁੱਖਾ ਜੀਵਨ ਆਪਾ ਸਫਲ ਬਣਾ ਲਈਏ।
'ਬਾਦਸ਼ਾਹ ਪੁਰੀ' ਦੇ ਵਾਗੂੰ ਆਪਾਂ ਰਲ ਸਭੇ, ਤਾਰੀ ਬਾਣੀ ਸਰੋਵਰ ਵਿੱਚ ਲਾ ਲਈਏ॥੪॥



www.AKJ.Org

# ਆਉਣ ਵਾਲੇ ਸਮਾਗਮ

## ਬਸੰਤ ਪੰਚਮੀ ਦਾ ਸਾਲਾਨਾ ਕੇਂਦਰੀ ਕੀਰਤਨ ਸਮਾਗਮ ਪਟਿਆਲਾ ਵਿਖੇ

ਗੁ: ਦੂਖ ਨਿਵਾਰਨ ਸਾਹਿਬ ਪਟਿਆਲਾ ਵਿਖੇ ਹਰ ਸਾਲ ਦੀ ਤਰਾਂ ਹੇਠ ਲਿਖੇ ਅਨੁਸਾਰ ਕੀਰਤਨ ਸਮਾਗਮ ਰਚਾਏ ਜਾ ਰਹੇ ਹਨ। ਆਇ ਦੀਦਾਰ ਬਖਸੋ ਜੀ:-

8 ਫਰਵਰੀ ਸਵੇਰੇ 4 ਤੋਂ 8 ਕੀਰਤਨ ਉਪਰੰਤ ਆਰੰਭ ਅਖੰਡ ਪਾਠ ਸਾਹਿਬ (ਗੁ ਸਾਹਿਬ ਦੇ ਨਾਲ ਸਕੂਲ ਵਿਖੇ)
ਸ਼ਾਮ 3 ਵਜੇ ਤੋਂ ਰਾਤ ਸਮਾਪਤੀ ਤੱਕ ਹਜ਼ੂਰੀ ਅਖੰਡ ਕੀਰਤਨ।

੭ ਫਰਵਰੀ ਸਵੇਰੇ 5 ਤੋਂ ਦੁਪਹਿਰ ਤੱਕ ਹਜ਼ੂਰੀ ਅਖੰਡ ਕੀਰਤਨ
ਸ਼ਾਮ 3 ਵਜੇ ਤੋਂ ਰਾਤ ਸਮਾਪਤੀ ਤੱਕ ਹਜ਼ੂਰੀ ਅਖੰਡ ਕੀਰਤਨ

10ਫਰਵਰੀ ਸ਼ਨੀਵਾਰ ਸਵੇਰੇ 4 ਵਜੇ ਭੋਗ ਸ੍ਰੀ ਆਖੰਡ ਪਾਠ ਸਾਹਿਬ ਸਕੂਲ ਵਿਖੇ ਉਪਰੰਤ 5 ਵਜੇ ਤੋਂ ਦੁਪਹਿਰ ਤਕ ਹਜ਼ੂਰੀ ਕੀਰਤਨ। ਸ਼ਾਮ 3 ਤੋਂ ਸੋਦਰ ਤੱਕ ਹਜ਼ੂਰੀ ਕੀਰਤਨ ਉਪਰੰਤ 7 ਵਜੇ ਆਰੰਭ ਰੈਣਿ ਸਬਾਈ ਕੀਰਤਨ ਦੀਵਾਨ ਹਾਲ ਵਿਖੇ।

11ਫਰਵਰੀ ਐਤਵਾਰ ਸਵੇਰੇ 5 ਵਜੇ ਭੋਗ ਰੈਣਿ ਸਬਾਈ ਕੀਰਤਨ

ਅੰਮ੍ਰਿਤ ਸੰਚਾਰ:- ਸ੍ਰੀ ਅਖੰਡ ਸਾਹਿਬ ਵਾਲੇ ਹਾਲ ਵਿਚ ਹੀ 10 ਫਰਵਰੀ ਸ਼ਾਮ 7 ਵਜੇ ਅੰਮ੍ਰਿਤ ਸੰਚਾਰ ਆਰੰਭ ਹੋਵੇਗਾ। ਅਭਿਲਾਖੀ ਸੱਜਣ ਤਿਆਰ-ਬਰ-ਤਿਆਰ ਹੋ ਕੇ ਸਮੇਂ ਸਿਰ ਪਹੁੰਚਣ।

ਰਿਹਾਇਸ਼ ਤੇ ਲੰਗਰ ਦਾ ਸਮੁੱਚਾ ਪ੍ਰਬੰਧ ਗੁ: ਦੂਖ ਨਿਵਾਰਨ ਸਾਹਿਬ ਵਿਖੇ ਹੀ ਹੋਵੇਗਾ ਲੋੜ ਅਨੁਸਾਰ ਬਿਸਤਰੇ ਨਾਲ ਲਿਆਉ ਜੀ। ਦਾਸਰੇ: ਅਖੰਡ ਕੀਰਤਨੀ ਜੱਥਾ ਪਟਿਆਲਾ

## ਪਿੰਡ ਮਾਲੋਵਾਲ (ਨੇੜੇ ਟਾਂਗਰਾ) ਅੰਮ੍ਰਿਤਸਰ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਤੇ ਰੈਣਿ ਸਬਾਈ ਕੀਰਤਨ

ਭਾਈ ਅਮਨਦੀਪ ਸਿੰਘ ਭਾਈ ਸੁਖਪਾਲ ਸਿੰਘ ਦੇ ਗ੍ਰਹਿ ਵਿਖੇ 17 ਫਰਵਰੀ ਸ਼ਨਿਚਰਵਾਰ ਸਵੇਰੇ ਭੋਗ ਸ੍ਰੀ ਅਖੰਡ ਪਾਠ ਸਾਹਿਬ ਅਤੇ ਕੀਰਤਨ ਸ਼ਾਮ ਸੋਦਰ ਉਪ੍ਰੰਤ ਆਰੰਭ ਰੈਣਿ ਸਬਾਈ ਕੀਰਤਨ। ਟੈਲੀਫੋਨ : 01853-65224,65314

## ਵੱਡਾ ਘੱਲੂਘਾਰਾ ਦੇ ਸ਼ਹੀਦਾਂ ਦੀ ਯਾਦ ਵਿਚ ਰੈਣਿ ਸਬਾਈ ਕੀਰਤਨ

5 ਫਰਵਰੀ 1762 ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ 17 ਫਰਵਰੀ 2001 ਸ਼ਨਿਚਰਵਾਰ ਸ਼ਾਮ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ ਮੰਡੀ ਅਹਿਮਦਗੜ੍ਹ ਵਿਖੇ ਰੈਣਿ ਸਬਾਈ ਕੀਰਤਨ ਹੋਣਗੇ।

## ਗੁ: ਬਿਬੇਕਸਰ ਸਾਹਿਬ ਵਿਖੇ ਮਾਸਿਕ ਰੈਣਿ ਸਬਾਈ ਕੀਰਤਨ 24 ਫਰਵਰੀ ਰਾਤ ਨੂੰ

## ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਸ਼ਹੀਦੀ ਦਿਵਸ ਤੇ ਰੈਣਿ ਸਬਾਈ ਕੀਰਤਨ

ਪ੍ਰਤੱਖ ਰੂਪ ਵਿਚ ਆਪਣਾ ਸੀਸ ਤਲੀ ਤੇ ਰੱਖ ਕੇ ਆਪਾ ਵਾਰਨ ਵਾਲੇ ਯੋਧੇ ਬਾਬਾ ਦੀਪ ਸਿਘ ਜੀ ਦੇ ਸ਼ਹੀਦੀ ਦਿਵਸ ਸਬੰਧੀ ਸਮੂਹ ਸੰਗਤਾ ਦੇ ਸਹਿਯੋਗ ਨਾਲ ਲੁਧਿਆਣਾ ਵਿਖੇ ਹੇਠ ਲਿਖੇ ਅਨੁਸਾਰ ਰੈਣਿ ਸਬਾਈ ਕੀਰਤਨ ਹੋ ਰਹੇ ਹਨ। ਆਇ ਦੀਦਾਰ ਬਖਸ਼ੋ ਜੀ :-

| | |
|---|---|
| 24 ਫਰਵਰੀ ਰਾਤ ਨੂੰ<br>ਗੁ: ਸ੍ਰੀ ਗੁਰੂ ਸਿੰਘ ਸਭਾ<br>ਮਾਡਲ ਟਾਊਨ ਲੁਧਿਆਣਾ ਵਿਖੇ। | 3 ਮਾਰਚ ਰਾਤ ਨੂੰ<br>ਗੁ: ਮੰਜੀ ਸਾਹਿਬ<br>ਆਲਮਗੀਰ ਲੁਧਿਆਣਾ ਵਿਖੇ |

## ਪਿੰਡ ਸ਼ਤਰਾਣਾ (ਪਟਿਆਲਾ) ਵਿਖੇ ਅਖੰਡ ਕੀਰਤਨ ਸਮਾਗਮ

ਗੁ: ਨਾਮ ਜਪ ਸਾਹਿਬ, ਸ਼ਤਰਾਣਾ ਜ਼ਿਲਾ ਪਟਿਆਲਾ ਵਿਖੇ 3 ਮਾਰਚ ਸ਼ਨਿਚਰਵਰ ਸਵੇਰੇ ਦਿਵਸ ਸੁਹੇਲਾ ਤੇ ਰਾਤ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ।

## ਪਿੰਡ ਚੀਮਾ (ਸੰਗਰੂਰ) ਵਿਖੇ ਰੈਣਿ ਸਬਾਈ ਕੀਰਤਨ

ਗੁ: ਭਾਈ ਬਹਿਲੋ ਪਿੰਡ ਚੀਮਾ ਵਿਖੇ 3 ਮਾਰਚ 2001 ਸ਼ਨਿਚਰਵਾਰ ਰਾਤ ਨੂੰ ਰੈਣਿ ਸਬਾਈ ਕੀਰਤਨ ਅਖਾੜੇ ਸਜਣਗੇ। ਪਿੰਡ ਚੀਮ, ਬਾਗੜੀਆਂ ਅਤੇ ਧੂਰੀ ਦੇ ਵਿਚਕਾਰ ਮਲੇਰਕੋਟਲਾ ਰੋਡ ਉਪਰ ਸਥਿਤ ਹੈ। ਪੁੱਛਗਿਛ ਮਾ: ਹਰਭਜਨ ਸਿੰਘ ਧੂਰੀ 01675-21253 ਜਾਂ ਡਾ: ਭੁਪਿੰਦਰ ਸਿੰਘ 01675-71722

ਗੁ: ਮਾਤਾ ਗੰਗਾ ਜੀ ਬਾਬਾ ਬਕਾਲਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ 22 ਤੋਂ 25 ਮਾਰਚ ਤੱਕ।

ਕੁਰਾਲੀ ਗੁ: ਹਰਿਗੋਬਿੰਦਗੜ੍ਹ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ 22 ਤੋਂ 25 ਮਾਰਚ ਤੱਕ।

www.AKJ.Org

'ਵਹਿ ਮੂਰਖ ਯੌਂ ਲਖੇ ਨ ਬਾਤ। ਪੰਥ ਬਲੀ ਕੋ ਹੈ ਕਿਸ ਘਾਤ। ਦਸ ਪਾਤਸ਼ਾਹੀ ਲੜਤ ਬਿਤਾਈ। ਇਨ ਕੀ ਜੜ ਨਿਤ ਹੋਵੈ ਸਵਾਈ।'



ਕੁੱਪ ਰਹੀੜੇ ਦਾ 'ਵੱਡਾ ਘੱਲੂਘਾਰਾ' (੧੭੬੨) ਅਬਦਾਲੀ ਦੀਆਂ ਫ਼ੌਜ਼ਾਂ ਵਿੱਚ ਘਿਰੇ ਤੀਹ ਹਜ਼ਾਰ ਸਿੰਘਾਂ ਨੇ ਜੂਝਦਿਆਂ ਸ਼ਹੀਦੀਆਂ ਪਾਈਆਂ ।
ਇਹ ਘਟਨਾ ਸਿੱਖ ਇਤਿਹਾਸ ਵਿੱਚ 'ਵੱਡਾ ਘੱਲੂਘਾਰਾ' ਦੇ ਨਾਂ ਨਾਲ ਜਾਣੀ ਜਾਂਦੀ ਹੈ । ਇਸ ਸਾਕੇ ਸਬੰਧੀ ਵਿਸਥਾਰ ਪੂਰਵਕ ਲੇਖ ਅੰਦਰ ਹੈ ।

SURA (Monthly) Kothi No. 12, Block-1. BHAI RANDHIR SINGH NAGAR, LUDHIANA-141 004

www.AKJ.Org